# FARM AND SPICE

Open 7 Days a Week
8.30 am to 9.00 pm

## SPECIAL OFFERS: 09-15 DEC

Daily Specials on

ਨਿੰਬੂ
Lemons
99¢ 4 pc

ਗਾਲਾ ਸੇਬ
Gala BC Apple
$1.29 /lb

ਐਂਬ੍ਰੋਸੀਆ ਸੇਬ
Ambrosia BC Apple
$1.29 /lb

ਸੰਤਰਾ ਨਿੱਕਾ
Orange Small
99¢ /lb

ਸੰਤਰਾ ਵਡਾ
Orange Large
$1.29 /lb

ਲਸਣ
Garlic 3's
49¢ each

ਆਵੋਕਾਡੋ
Avocado
89¢ each

ਇੰਗਲਿਸ਼ ਖੀਰਾ
Cucumber English
99¢ each

ਘੀਆ
Oppo Long
$1.49 /lb

ਅਮਰੂਦ
Guava
$3.49 /lb

ਜੰਬੋ ਬੈਂਗਣ
Eggplant Jumbo
$1.49 each

ਇੰਡੀਅਨ ਬੈਂਗਣ
Eggplant Indian
$1.99 /lb

ਸ਼ੱਕਰਕੰਦੀ
Sweet Potato
99¢ /lb

ਜ਼ੁਕੀਨੀ
Zuchinni
$1.49 /lb

ਅੱਦਰਕ
Ginger
$1.79 /lb

ਕਰੇਲਾ
Karela
$1.99 /lb

ਕਾਲੇ/ਲਾਲ ਅੰਗੂਰ
Black/Red Grapes
$2.49 /lb

ਐ-ਪਲਸ ਸੋਯਾ
Nutrela Soya Chunks Mini Chunks
200g
$1.99 each

ਐ-ਪਲਸ ਸੋਯਾ
Aplus Soya Chunks/ Mini Chunks
200g
$1.99 each

ਬਦਾਮ
Almonds Supreme Quality
$4.49 /lb

ਦੇਸੀ ਨਮਕ
Desi Pink Salt
1kg
$2.99 each

ਸ਼ਾਨ ਮਿਕਸ ਅਚਾਰ
Shan Pickles
Mango/Chilli/Mixed Pickle Lemon/Hyderabidi Mix
1kg
$3.99 each

ਬੀ ਸੀ ਮਿਕਸ ਨਮਕੀਨ
BC Asst. Snacks
320g
$2.99 each

ਬੀ ਸੀ ਮਿਕਸ ਸਵੀਟਸ
BC Asst. Sweets
boondi ladoo, besan ladoo, mathura peda
400g
$5.99 each

ਆਸ਼ਾ ਪੇਸੀ ਗੁੜ
Asha Pesi Gur
1kg
$3.99 each

ਟਾਟਾ ਚਾਹ
Tata Tea Premium
220 bags
$8.99 each

ਏ ਪੱਲਸ ਚਾਵਲ
A+Plus Everyday Basmati Rice
5kg
$11.99 each

ਏ+ਪਲਸ ਤੇਲ
A+Plus Mustard Oil
2ltr
$10.99 each

ਏ+ਪਲਸ ਤੇਲ
A+Plus Mustard Oil
5ltr
$26.99 each

PUNJABI FLAVOURED KULFI ALSO AVAILABLE

# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323

*while supply last

Curbside pick up available

# ਕੈਨੇਡਾ ਭਾਰਤ ਸਮਝੌਤੇ ਤਹਿਤ ਸ੍ਰੀ ਅੰਮ੍ਰਿਤਸਰ ਦੇ ਹਵਾਈ ਅੱਡੇ ਨੂੰ ਬਣਦਾ ਹਿਸਾ ਦਿੱਤਾ ਜਾਵੇ- ਭਾਈ ਗਰੇਵਾਲ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੈਨੇਡਾ ਅਤੇ ਭਾਰਤ ਵਿਚ ਹਵਾਈ ਉਡਾਣਾਂ ਨੂੰ ਲੈ ਕੇ ਹੋਏ ਨਵੇਂ ਸਮਝੌਤੇ ਵਿਚ ਪੰਜਾਬ ਅਤੇ ਖ਼ਾਸਕਰ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਨੂੰ ਨਜ਼ਰਅੰਦਾਜ਼ ਕਰਨ 'ਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਅਤੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਗੁਰੂ ਨਗਰੀ ਪ੍ਰਤੀ ਪੱਖਪਾਤੀ ਰਵੱਈਆ ਹੈ, ਜਿਸ ਕਾਰਨ ਦੇਸ਼ ਵਿਦੇਸ਼ ਦੇ ਸਿੱਖਾਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਵੇਂ ਸਮਝੌਤੇ ਤਹਿਤ ਭਾਰਤ ਦੇ ਕਈ ਸ਼ਹਿਰਾਂ ਤੋਂ ਉਡਾਣਾਂ ਲਈ ਹਵਾਈ ਅੱਡਿਆਂ ਨੂੰ ਸ਼ਾਮਲ ਕੀਤਾ ਗਿਆ ਹੈ, ਪਰ ਸ੍ਰੀ ਅੰਮ੍ਰਿਤਸਰ ਨੂੰ ਅੱਖੋਂ ਪਰੋਖੇ ਕਰਕੇ ਪੰਜਾਬੀਆਂ ਅਤੇ ਖ਼ਾਸਕਰ ਸਿੱਖਾਂ ਨਾਲ ਵਿਤਕਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਇਸੇ ਸਾਲ ਹੋਏ ਬਜਟ ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸ੍ਰੀ ਅੰਮ੍ਰਿਤਸਰ ਤੋਂ ਸਿੱਧੀਆਂ ਹਵਾਈ ਉਡਾਣਾਂ ਲਈ ਵਿਸ਼ੇਸ਼ ਮਤਾ ਪਾਸ ਕਰਕੇ ਭਾਰਤ ਸਰਕਾਰ ਦੇ ਸਬੰਧਤ ਮੰਤਰਾਲਿਆਂ ਨੂੰ ਭੇਜਿਆ ਗਿਆ ਸੀ, ਪਰ ਫਿਰ ਵੀ ਸਰਕਾਰ ਨੇ ਜਾਣਬੁਝ ਕੇ ਪੰਜਾਬ ਨੂੰ ਹਵਾਈ ਉਡਾਣਾਂ ਦਾ ਬਣਦਾ ਹਿੱਸਾ ਨਹੀਂ ਦਿੱਤਾ। ਇਹ ਪੰਜਾਬੀਆਂ ਨਾਲ ਨਾਇਨਸਾਫੀ ਹੈ।



# ਘਰ ਵਿਚ ਨਜ਼ਰਬੰਦ ਕੀਤਾ ਗੁਰਸਿਮਰਨ ਮੰਡ ਹੋਇਆ ਪ੍ਰੇਸ਼ਾਨ



ਲੁਧਿਆਣਾ: ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਵਿਚ ਕਾਂਗਰਸੀ ਨੇਤਾ ਗੁਰਸਿਮਰਨ ਸਿੰਘ ਮੰਡ ਨੂੰ ਪੰਜਾਬ ਪੁਲਿਸ ਨੇ ਉਸ ਦੇ ਘਰ ਵਿਚ ਨਜ਼ਰਬੰਦ ਕੀਤਾ ਹੋਇਆ। ਨਜ਼ਰਬੰਦ ਇਸ ਲਈ ਕੀਤਾ ਹੈ ਕਿਉਂਕਿ ਮੰਡ ਨੂੰ ਕਈ ਧਮਕੀ ਭਰੇ ਫੋਨ ਅਤੇ ਮੈਸੇਜ ਆ ਚੁੱਕੇ ਹਨ। ਗੁਰਸਿਮਰਨ ਮੰਡ ਗੈਂਗਸਟਰਾਂ ਅਤੇ ਖਾਲਿਸਤਾਨੀਆਂ ਦੇ ਟਾਰਗੈਟ 'ਤੇ ਰਿਹਾ ਹੈ। ਇਸ ਕਾਰਨ ਪੁਲਿਸ ਵਲੋਂ ਮੰਡ ਨੂੰ ਸੁਰੱਖਿਆ ਦਿੰਦੇ ਹੋਏ ਉਸ ਦੇ ਘਰ ਦੇ ਬਾਹਰ ਬੈਰੀਕੇਡਿੰਗ ਆਦਿ ਕਰਵਾਈ ਹੈ। ਉਸ ਦੇ ਘਰ ਦੀ ਕੰਧਾਂ 'ਤੇ ਵੀ ਕੱਚ ਲਗਵਾਇਆ ਗਿਆ ਸੀ। ਘਰ ਦੀ ਸੁਰੱਖਿਆ ਥਰੀ ਲੇਅਰ ਬਣਾਈ ਗਈ ਹੈ। ਗੁਰਸਿਮਰਨ ਮੰਡ ਨੇ ਦੱਸਿਆ ਕਿ ਉਹ ਪਿਛਲੇ ਇੱਕ ਮਹੀਨੇ ਤੋਂ ਘਰ ਵਿਚ ਨਜ਼ਰਬੰਦ ਹੈ। ਕਿਤੇ ਵੀ ਜਾ ਨਹੀਂ ਸਕਿਆ। ਮੰਡ ਮੁਤਾਬਕ ਇੱਕ ਮਹੀਨੇ ਤੋਂ ਘਰ ਵਿਚ ਬੰਦ ਹੋਣ ਕਾਰਨ ਉਸ ਦੇ ਘਰ ਦੀ ਆਰਥਿਕ ਹਾਲਤ ਵਿਗੜ ਚੁੱਕੀ ਹੈ। ਉਹ ਕੋਈ ਕੰਮਕਾਜ ਨਹੀਂ ਕਰ ਪਾ ਰਿਹਾ। ਮੰਡ ਮੁਤਾਬਕ ਘਰ ਦਾ ਗੁਜ਼ਾਰਾ ਚਲਾਉਣ ਲਈ ਕੰਮਕਾਜ ਤਾਂ ਕਰਨਾ ਹੈ ਲੇਕਿਨ ਹੁਣ ਪਿਛਲੇ ਮਹੀਨੇ ਤੋਂ ਘਰ ਵਿਚ ਬੰਦ ਹੋਣ ਕਾਰਨ ਉਹ ਬੇਹੱਦ ਪ੍ਰੇਸ਼ਾਨ ਹੈ। ਵੱਡੀ ਸਮੱਸਿਆ ਹੈ ਕਿ ਪੁਲਿਸ ਨੇ ਉਸਨੂੰ ਸੋਸ਼ਲ ਮੀਡੀਆਂ ਤੇ ਜਾਣ ਤੋਂ ਵੀ ਰੋਕਿਆ ਹੈ ਜਿਸ ਕਾਰਣ ਉਹ ਵੱਧ ਪਰੇਸ਼ਾਨ ਹੈ। ਮੰਡ ਨੇ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਉਸ ਨੇ ਪੁਲਿਸ ਦੀ ਇੱਕ ਸੀਨੀਅਰ ਮਹਿਲਾ ਅਧਿਕਾਰੀ ਨਾਲ ਵੀ ਗੱਲਬਾਤ ਕੀਤੀ ਲੇਕਿਨ ਸਮੱਸਿਆ ਦਾ ਹੱਲ ਨਹੀਂ ਹੋ ਰਿਹਾ। ਬਾਕੀ ਦੇ ਪੁਲਿਸ ਪ੍ਰਸ਼ਾਸਨ ਨੂੰ ਜੇਕਰ ਉਹ ਫੋਨ ਕਰਦਾ ਹੈ ਤਾਂ ਕੋਈ ਅਧਿਕਾਰੀ ਉਸ ਦਾ ਫੋਨ ਨਹੀਂ ਚੁੱਕ ਰਿਹਾ।

## ਜਗਮੀਤ ਸਿੰਘ ਬਰਾੜ ਵੱਲੋਂ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ

ਅੰਮ੍ਰਿਤਸਰ:ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜਗਮੀਤ ਸਿੰਘ ਬਰਾੜ ਨੇ ਮੁਲਾਕਾਤ ਕਰ ਕੇ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਪੰਥਕ ਏਕਤਾ ਦੇ ਲਈ ਉਹ ਕੰਮ ਕਰਦੇ ਰਹਿਣਗੇ। ਉਹ ਅਕਾਲੀ ਦਲ ਦੇ ਨਿਮਾਣੇ ਵਰਕਰ ਵਾਂਗ ਕੰਮ ਕਰਨਗੇ ਤੇ ਉਨ੍ਹਾਂ ਨੂੰ ਕਿਸੇ ਅਹੁਦੇ ਦੀ ਲੋੜ ਨਹੀਂ।


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੁਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



**Charlesworth insurance services ltd.**

Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

ICBC autoplan

*"For Fast, Friendly and Reliable Service!"*



Phone: 604-852-2565
Fax: 852-2996


OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



www.accuraterailing.com

**AccurateRailing & AWNING LTD**



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਉ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey



**KOHALY PRINTING**

Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ''ਸਰਬੱਤ ਦੇ ਭਲੇ'' ਵਾਲੀ ਹਲੇਮੀ ਬਾਦਸ਼ਾਹਤ ਦੀ ਤਾਂਘ ਦਾ ਸੈਦਾਈ ਭਾਈ ਅੰਮ੍ਰਿਤਪਾਲ ਸਿੰਘ

**ਬਘੇਲ ਸਿੰਘ ਧਾਲੀਵਾਲ**
**99142-58142**

ਅਕਾਲ ਤਖਤ ਸਾਹਿਬ ਵੱਲੋਂ ਵੀਹਵੀਂ ਸਦੀ ਦੇ ਮਹਾਂਨ ਸਿੱਖ ਸ਼ਹੀਦ ਦਾ ਰੁਤਬਾ ਪਾਉਣ ਵਾਲੇ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਤੋ ਬਾਅਦ ਭਾਂਵੇ ਦਹਾਕਾ ਭਰ ਸਿੱਖ ਖਾੜਕੂ ਨੌਜਵਾਨਾਂ ਨੇ ਦਿੱਲੀ ਤਖਤ ਨਾਲ ਜਾਨ ਹੂਲਵਾਂ ਸੰਘਰਸ਼ ਲੜਿਆ,ਪ੍ਰੰਤੂ ਖਾੜਕੂ ਸਿੱਖ ਸੰਘਰਸ਼ ਖਤਮ ਹੋ ਜਾਣ ਤੋ ਬਾਅਦ ਲੰਮਾ ਅਰਸਾ ਸਿੱਖ ਕੌਮ, ਖਾਸ ਕਰਕੇ ਸਿੱਖ ਨੌਜਵਾਨੀ ਨੂੰ ਕੋਈ ਆਦਰਸ਼ ਆਗੂ ਨਹੀ ਮਿਲਿਆ, ਜਿਸ ਦੀ ਬਦੌਲਤ ਸਿੱਖ ਨੌਜਵਾਨੀ ਵਿਰੋਧੀ ਤਾਕਤਾਂ ਦੀਆਂ ਸਾਜਿਸ਼ਾਂ ਦਾ ਸ਼ਿਕਾਰ ਹੋ ਕੇ ਲੱਚਰਤਾ ਅਤੇ ਨਸ਼ਿਆਂ ਦੇ ਰਾਹ ਪੈ ਗਈ, ਲਿਹਾਜਾ ਪੰਜਾਬ ਦੇ ਘਰ ਘਰ ਵਿਚ ਸੱਥਰ ਵਸਣੇ ਆਮ ਵਰਤਾਰਾ ਬਣ ਗਿਆ। ਦਹਾਕਿਆਂ ਤੋਂ ਵੱਧ ਪੰਜਾਬ ਦੀ ਜਵਾਨੀ ਧਰਮ ਕਰਮ ਨੂੰ ਅਸਲੋਂ ਹੀ ਵਿਸਾਰ ਕੇ ਸਿਵਿਆਂ ਦੇ ਰਾਹ ਤੁਰਦੀ ਰਹੀ। ਨਸ਼ਿਆਂ ਅਤੇ ਲੱਚਰਤਾ ਦੇ ਮਾਰੂ ਅਸਰ ਤੋ ਦੂਰ ਰਹਿਣ ਵਾਲੇ ਪੜ੍ਹਾਕੂ ਕਿਸਮ ਦੇ ਨੌਜਵਾਨਾਂ ਨੇ ਪੰਜਾਬ ਨੂੰ ਛੱਡ ਜਾਣ ਦਾ ਮਨ ਬਣਾ ਲਿਆ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਦੇ ਪਾੜ੍ਹੇ ਉਚ ਵਿਦਿਆ ਦਾ ਮੋਹ ਤਿਆਗ ਕੇ ਬਾਰਾਂ ਜਮਾਤਾਂ ਪਾਸ ਕਰਨ ਤੋਂ ਬਾਅਦ ਆਈਲੈਟਸ ਦਾ ਟੈਸਟ ਪਾਸ ਕਰਕੇ ਬਾਹਰਲੇ ਮੁਲਕਾਂ ਵੱਲ ਨੂੰ ਨਿਕਲ ਤੁਰੇ। ਦੇਖਦੇ ਹੀ ਦੇਖਦੇ ਪੰਜਾਬ ਖਾਲੀ ਹੁੰਦਾ ਪਰਤੀਤ ਹੋਣ ਲੱਗਾ। ਇਹ ਸਾਰਾ ਕੁੱਝ ਕੁਦਰਤੀ ਨਹੀ ਵਾਪਰਿਆ, ਬਲਕਿ ਇਹ ਪੰਜਾਬ ਦੁਸ਼ਮਣ ਤਾਕਤਾਂ ਦਾ ਪੰਜਾਬ ਦੀ ਹੋਂਦ ਨੂੰ ਮਿਟਾਉਣ ਵਾਲਾ ਬਹੁਤ ਹੀ ਸਾਜਿਸ਼ੀ ਵਰਤਾਰਾ ਹੈ, ਜਿਸ ਵਿੱਚ ਪੰਜਾਬ ਦੀ ਸਿਆਸੀ ਜਮਾਤ ਬਰਾਬਰ ਦੀ ਜ਼ਿੰਮੇਵਾਰ ਹੈ। ਇਸ ਵਰਤਾਰੇ ਦਾ ਦੁਖਦਾਇਕ ਪਹਿਲੂ ਇਹ ਵੀ ਹੈ ਕਿ ਪੰਜਾਬ ਦੀ ਜਨਤਾ ਨੇ ਕਦੇ ਵੀ ਪੰਜਾਬ ਦੀ ਜਵਾਨੀ ਦੀ ਨਸਲਕੁਸ਼ੀ ਅਤੇ ਬਰਬਾਦੀ ਲਈ ਕਠਪੁਤਲੀ ਬਣੇ ਇੱਥੋ ਦੇ ਸਿਆਸੀ ਲੋਕਾਂ ਦੀ ਭੂਮਿਕਾ ਨੂੰ ਗੰਭੀਰਤਾ ਨਾਲ ਨਹੀ ਲਿਆ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਭੋਲ਼ੇ ਭਾਲ਼ੇ ਲੋਕ ਵਾਰ ਵਾਰ ਸਿਆਸਤ ਦੇ ਚੰਗੇਰੇ ਭਵਿੱਖ ਦੇ ਝਾਂਸੇ ਵਿੱਚ ਫਸਦੇ ਰਹੇ ਅਤੇ ਵਾਰ ਵਾਰ ਧੋਖਾ ਖਾਂਦੇ ਰਹੇ। ਪੰਜਾਬ ਦੀ ਕਰਾਹੇ ਪਈ ਜੁਆਨੀ ਨੂੰ ਪਹਿਲੀ ਵਾਰ ਕਿਸਾਨੀ ਅੰਦੋਲਨ ਦੌਰਾਨ ਸ਼ੰਭੂ ਮੋਰਚੇ ਤੋਂ ਕਿਸੇ ਨੌਜਵਾਨ ਤੋ ਅਗਵਾਈ ਦੀ ਉਮੀਦ ਜਾਗੀ।ਮਰਹੂਮ ਸੰਦੀਪ ਸਿੰਘ ਦੀਪ ਸਿੱਧੂ ਦੇ ਗੈਰਤ ਨੂੰ ਹਲੂਣਾ ਦੇਣ ਵਾਲੇ ਜੱਟਕੇ ਪਰਚਾਰ ਦੀ ਬਦੌਲਤ ਨੌਜਵਾਨੀ ਇਸ ਕਦਰ ਮੁਰੀਦ ਬਣ ਗਈ ਕਿ ਉਹਨਾਂ ਦੀ ਬੇਬਕਤੀ ਮੌਤ ਤੇ ਪੰਜਾਬ ਦੀ ਜੁਆਨੀ ਭੁੱਬਾਂ ਮਾਰ ਮਾਰ ਕੇ ਰੋਂਦੀ ਦੇਖੀ ਗਈ। ਮਰਹੂਮ ਦੀਪ ਸਿੱਧੂ ਦੀ ਬਣਾਈ ਜਥੇਬੰਦੀ ਠਵਾਰਿਸ ਪੰਜਾਬ ਦੂ ਨੌਜਵਾਨਾਂ ਲਈ ਇੱਕੋ ਇੱਕ ਆਸ ਦੀ ਕਿਰਨ ਬਣ ਗਈ।

ਇਸ ਜਥੇਬੰਦੀ ਨਾਲ ਜੜੇ ਮੁਢਲੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਦੁਬਈ ਰਹਿੰਦੇ ਨੌਜਵਾਨ ਭਾਈ ਅੰਮ੍ਰਿਤਪਾਲ ਸਿੰਘ ਨੂੰ ਆਪਣਾ ਆਗੂ ਮੰਨ ਲਿਆ। ਇਹ ਵੀ ਗੁਰੂ ਦੀ ਕਲਾ ਵਰਤਣ ਵਰਗਾ ਵਰਤਾਰਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਨੇ ਪੰਜਾਬ ਆ ਕੇ ਖੁਦ ਹੀ ਗੁਰੂ ਦੇ ਲੜ ਨਹੀ ਲੱਗਿਆ,ਬਲਕਿ ਉਹਨੇ ਗੁਰੂ ਤੋ ਬੇਮੁੱਖ ਹੋ ਕੇ ਕਰਾਹੇ ਪਈ ਜਵਾਨੀ ਨੂੰ ਮੁੜ ਗੁਰੂ ਨਾਲ ਜੋੜਨ ਦਾ ਪਵਿੱਤਰ ਕਾਰਜ ਐਸਾ ਅਰੰਭਿਆ ਕਿ ਹਜਾਰਾਂ ਨੌਜਵਾਨ ਨਸ਼ਿਆਂ ਨੂੰ ਤੋਬਾ ਕਹਿ ਕੇ ਗੁਰੂ ਵਾਲੇ ਬਣ ਕੌਮੀ ਕਾਫਲੇ ਵਿਚ ਸ਼ਾਮਲ ਹੋ ਤੁਰੇ।ਜੇਕਰ ਗੱਲ ਭਾਈ ਅੰਮ੍ਰਿਤਪਾਲ ਸਿੰਘ ਦੀ ਸ਼ਖਸੀਅਤ ਦੀ ਕਰਨੀ ਹੋਵੇ ਤਾਂ ਇਹ ਕਹਿਣਾ ਕੋਈ ਗਲਤ ਨਹੀ ਹੋਵੇਗਾ ਕਿ ਇਹ ਨੌਜਵਾਨ ਕੋਈ ਆਮ ਨਹੀ ਹੈ, ਇਹਦੇ (ਅੰਮ੍ਰਿਤਪਾਲ ਸਿੰਘ) ਦੇ ਚਿਹਰੇ ਵੱਲ ਝਾਤੀ ਮਾਰੋ, ਚਿਹਰੇ ਨੂੰ ਪੜ੍ਹਨ ਦਾ ਯਤਨ ਕਰੋ, ਤੁਹਾਨੂੰ ਖੁਦ ਮਹਿਸੂਸ ਹੋਵੇਗਾ ਕਿ ਇਹ ਨੌਜਵਾਨ ਆਮ ਨਹੀ ਹੈ,। ਥੋੜ੍ਹਾ ਹੋਰ ਸੰਜੀਦਗੀ ਨਾਲ ਚਿਹਰੇ ਰਾਹੀਂ ਅੰਦਰ ਉਤਰਨ ਦਾ ਯਤਨ ਕਰੋਗੇ ਤਾਂ ਕੌਮੀ ਜਜ਼ਬਿਆਂ ਨਾਲ ਲਬਰੇਜ਼ ਉਚੀ ਸੁੱਚੀ ਸੋਚ ਦਾ ਠਾਠਾਂ ਮਾਰਦਾ ਸਮੁੰਦਰ ਹੜ੍ਹਿਆ ਜਾਪੇਗਾ। ਦੁਨਿਆਵੀ ਵਿਦਿਆ ਘੱਟ ਹੋਣ ਦੇ ਬਾਵਜਦ ਵੀ ਇਸ

ਨੌਜਵਾਨ ਦੇ ਅੰਦਰ, ਦੁਨੀਆਂ ਭਰ ਦੇ ਗਿਆਨ ਦਾ ਅਥਾਹ ਭੰਡਾਰ ਹੈ। ਇਹ ਨੌਜਵਾਨ ਜਬਰ ਜੁਲਮ, ਵਿਤਕਰੇਬਾਜੀ ਅਤੇ ਭ੍ਰਿਸ਼ਟਾਚਾਰ ਦੀ ਬੁਨਿਆਦ ਤੇ ਖੜ੍ਹੇ ਸਿਸਟਮ ਨੂੰ ਵੰਗਾਰਦੀ ਸਿੱਖ ਸੋਚ ਦਾ ਪਰਤੀਕ ਹੋ ਨਿੱਬੜਿਆ ਹੈ। ਗੁਰੂ ਦੇ ਮੁਢਲੇ ਸਿਧਾਂਤ ਸਰਬਤ ਦੇ ਭਲੇ ਵਾਲੀ ਹਲੇਮੀ ਬਾਦਸ਼ਾਹਤ ਦੀ ਤਾਂਘ ਨੇ ਇਸ ਨੌਜਵਾਨ ਨੂੰ ਨਿੱਜਤਾ ਵਿਚੋਂ ਬਾਹਰ ਕੱਢ ਲਿਆ ਹੈ। ਉਹ ਨਿੱਜੀ ਵਿਕਾਰਾਂ ਦੇ ਮੋਹ ਜਾਲ ਤੋ ਬਾਹਰ ਹੋਇਆ ਜਾਪਦਾ ਹੈ।ਉਹਦੇ ਅੰਦਰ ''ਖੇਤੁ ਜੁ ਮਾਡਿਓ ਸੂਰਮਾ ਅਬ ਜੂਝਣ ਕੋ ਦਾਊ॥ ਦੇ ਸੰਕਲਪ ਦਾ ਅਨਹਤ ਨਾਦ ਚੱਲਦਾ ਮਹਿਸੂਸ ਹੁੰਦਾ ਹੈ,ਜੋ ਕੰਨਾਂ ਨਾਲ ਨਹੀ,ਬਲਕਿ ਮਨ ਦੀ ਉਹ ਅਵਸਥਾ ਹੀ ਸੁਣ ਸਕਦੀ ਹੈ, ਜਿਸ ਦੇ ਅੰਦਰ ''ਲਰੈ ਦੀਨ ਕੇ ਹੇਤੁ ਦੀ ਭਾਵਨਾ ਪਰਵਲ ਹੋ ਰਹੀ ਹੋਵੇ ਅਤੇ ਕਦਮ ''ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ ਦੀ ਪਵਿੱਤਰ ਭਾਵਨਾ ਵੱਲ ਵਧ ਰਹੇ ਹੋਣ। ਇਹ ਅਵਸਥਾ ਹੀ 80 ਸਾਲਾ ਬਾਬੇ ਦੀਪ ਸਿੰਘ ਨੂੰ 18 ਸੇਰ ਦਾ ਖੰਡਾ ਫੜ ਮਾਲਵੇ ਦੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਦੀ ਧਰਤੀ ਤੋ ਸ੍ਰੀ ਰਾਮਦਾਸ ਪਾਤਸ਼ਾਹ ਦੇ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਅਜਮਤ ਲਈ ਸੀਸ ਤਲੀ ਤੇ ਧਰ ਕੇ ਲੜਨ ਦੇ ਯੋਗ ਬਣਾ ਦਿੰਦੀ ਹੈ, ਇਹ ਹੀ ਪਵਿੱਤਰ ਭਾਵਨਾ ਅਕਾਲੀ ਫੂਲਾ ਸਿੰਘ ਵਰਗੇ ਬੁੱਢੇ ਸ਼ੇਰ ਨੂੰ ਹਲੇਮੀ ਰਾਜ ਦੀ ਰਾਖੀ ਲਈ ਕੁਰਬਾਨ ਕਰ ਦਿੰਦੀ ਹੈ ਅਤੇ ਇਹ ਹੀ ਭਾਵਨਾ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਬਾਬਾ ਏ ਕੌਮ ਅਤੇ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਦੀ ਉਪਾਧੀ ਤੱਕ ਪਹੁੰਚਾ ਦਿੰਦੀ ਹੈ। ਇਹ ਹੀ ਭਾਵਨਾ ਸੁੱਖੇ ਜਿੰਦੇ ਬਣ ਫਾਂਸੀ ਚੜ੍ਹਦੀ ਹੈ ਅਤੇ ਇਹ ਹੀ ਭਾਵਨਾ ਕੇਹਰ ਸਿੰਘ,ਬੇਅੰਤ ਸਿੰਘ, ਸਤਵੰਤ ਸਿੰਘ ਨੂੰ ਦਿੱਲੀ ਦਰਬਾਰ ਦੇ ਰਾਖਿਆਂ ਤੋ ਬਾਗੀ ਬਣਾ ਕੇ ਕੌਮੀ ਸ਼ਹੀਦ ਦਾ ਰੁਤਬਾ ਦਿਵਾ ਦਿੰਦੀ ਹੈ। ਭਾਵ ਕਿ



ਇਹ ਅਵਸਥਾ ਜੀਵਨ ਅਤੇ ਮੌਤ ਨੂੰ ਇੱਕ ਸਮਾਨ ਕਰ ਸ਼ਹਾਦਤ ਦੇ ਪੁਜਾਰੀ ਬਣਾ ਦਿੰਦੀ ਹੈ। ਇਸ ਅਵਸਥਾ ਵਿੱਚ ਪਹੁੰਚਿਆ ਵਿਅਕਤੀ ਕੌਮੀ ਲੜਾਈ ਅੰਦਰ ਸ਼ਹਾਦਤ ਦੇ ਬਹਾਨੇ ਲੱਭਣ ਲੱਗਦਾ ਹੈ। ਭਾਵੇਂ ਇਹ ਵੀ ਸੱਚ ਹੈ ਕਿ ਨਾਂ ਤਾਂ ਇਸ ਅਵਸਥਾ ਤੱਕ ਹਰ ਕੋਈ ਸੌਖਿਆਂ ਪਹੁੰਚ ਸਕਦਾ ਹੈ ਅਤੇ ਨਾ ਹੀ ਇਸ ਅਵਸਥਾ ਤੇ ਟਿਕੇ ਰਹਿ ਸਕਦਾ ਹੈ, ਇਹ ਵੀ ਕਿਸੇ ਵਿਰਲੇ ਦੇ ਨਸੀਬ ਵਿੱਚ ਹੀ ਹੁੰਦਾ ਹੈ, ਪਰ ਇਹ ਵੀ ਜਾਹਰਾ ਸੱਚ ਹੈ ਕਿ ਸਿੱਖੀ ਵਿੱਚ ਅਜਿਹੀ ਭਾਵਨਾ ਬਹੁਤਾਤ ਵਿੱਚ ਦੇਖੀ ਪਰਖੀ ਗਈ ਹੈ। ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲੇ ਅਤੇ ਉਸ ਤੋ ਬਾਅਦ ਉਠੀ ਹਥਿਆਰਬੰਦ ਸਿੱਖ ਲਹਿਰ ਦੇ ਅਦੁੱਤੀ ਕਾਰਨਾਮੇ ਸਿੱਖ ਇਤਿਹਾਸ ਦੇ ਸੁਨਹਿਰੀ ਪੱਤਰੇ ਬਣ ਚੁੱਕੇ ਹਨ। ਮੌਜਦਾ ਦੌਰ ਵਿਚ ਅੰਮ੍ਰਿਤਪਾਲ ਸਿੰਘ ਦੀ ਆਮਦ ਨੂੰ ਸਿੱਖ ਜੁਆਨੀ ਨੇ ਜੀਉ ਆਇਆਂ ਕਿਹਾ ਹੈ,ਕਿਉਂਕਿ ਉਹਨਾਂ ਨੂੰ ਜਾਪਦਾ ਹੈ ਕਿ ਅੰਮ੍ਰਿਤਪਾਲ ਸਿੰਘ ਸਿੱਖ ਜਜ਼ਬਿਆਂ ਦੀ ਤਰਜਮਾਨੀ ਕਰਦਾ ਹੈ।ਸਿੱਖ ਕੌਮ ਦੀ ਤਰਾਸਦੀ ਹੈ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਕੋਹੜ ਵਿਚੋਂ ਕੱਢ ਕੇ ਗੁਰੂ ਨਾਲ ਜੋੜਨ ਦੇ ਪਵਿੱਤਰ ਕਾਰਜ ਦਾ ਵਿਰੋਧ ਕੋਈ ਹੋਰ ਨਹੀ ਬਲਕਿ ਸਿੱਖਾਂ ਦੇ ਉਸ ਵੱਡੇ ਹਿੱਸੇ ਵੱਲੋਂ ਕੀਤਾ ਜਾ ਰਿਹਾ ਹੈ, ਜਿਹੜੇ ਨਿੱਜੀ ਲੋਭ ਲਾਲਸਾ ਅਧੀਨ ਦਿੱਲੀ ਦਰਬਾਰ ਦੇ ਜੀਅ ਹਜੂਰੀਏ ਬਣੇ ਹੋਏ ਹਨ।ਮਨੁੱਖੀ ਕਦਰਾਂ ਕੀਮਤਾਂ ਤੋ ਮਨਫੀ ਹੋ ਚੁੱਕੀ ਸੋਚ ਵਾਲੀ ਸਿੱਖ ਜੁਆਨੀ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੀ ਆਮਦ ਨੇ ਮੁੜ ਸਿੱਖ ਵਿਚਾਰਧਾਰਾ ਦੀ ਪਾਣ ਦੇ ਕੇ ਜਿਉਂਦਾ ਕੀਤਾ ਹੈ।ਸੋ ਆਸ ਅਤੇ ਅਰਦਾਸ ਕਰਨੀ ਬਣਦੀ ਹੈ ਕਿ ਅਕਾਲ ਪੁਰਖ ਸਿੱਖ ਜੁਆਨੀ ਦੇ ਜਜ਼ਬਿਆਂ ਨੂੰ ਪਵਿੱਤਰਤਾ ਬਖਸ਼ੇ।

BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਕਿਰਸਾਣੀ ਦਾ ਕਾਰਪੋਰੇਟ ਵਿਰੁੱਧ ਤਾਕਤਵਰ ਮੁਜ਼ਾਹਿਰਾ ਅਤੇ ਸਿੱਖ ਪੰਥ

ਸਿੱਖਾਂ ਦੀ ਸੰਪ੍ਰਭੂ ਹਸਤੀ ਅਤੇ ਸਿੱਖ ਸਾਵਰੈਨਿਟੀ ਵੀਚਾਰ, ਮਾਡਰਨ ਯੁਗ 'ਵਿਚ ਮਨੁੱਖੀ ਬੁੱਧੀ ਦੀ ਸੋਚ ਵਿਚੋਂ ਪੈਦਾ ਹੋਇਆ ਫਰਜ਼ੀ-ਰਾਸ਼ਟਰਵਾਦ ਦੇ ਗ਼ੁਬਾਰ ਵਿੱਚੋਂ ਪੈਦਾ ਹੋਇਆ ਅੰਸ਼ ਹੈ। ਰਾਸ਼ਟਰਵਾਦ ਸਤਿ ਜਾਂ ਹਕੀਕੀ ਨਹੀਂ ਹੁੰਦਾ, ਸਗੋਂ ਮਾਇਆ ਅਫ਼ਸਾਨਾ ਹੁੰਦਾ ਹੈ, ਜੋ ਕਿ ਘੱਟ ਗਿਣਤੀ ਨੂੰ ਹੜੱਪ ਜਾਂਦਾ ਹੈ। ਬਸਤੀਵਾਦੀ ਬ੍ਰਿਟਿਸ਼ ਰਾਜ ਵੇਲੇ ਤੋਂ "ਸਿੱਖ ਸੰਬੋਧਨ" ਵਰਤੋਂ ਵਿਚ ਆਉਣ ਲੱਗਾ ਜਦੋਂ ਕਿ ਪੰਜਾਬੀ ਰਾਜ ਦੀ ਅਧੀਨਗੀ ਵਿੱਚ ਚਲੇ ਗਏ ਸਨ। ਮੁਗ਼ਲ 'ਗੁਰੂ ਕੇ ਸਿੱਖਾਂ ਸੇਵਕਾਂ ਵਾਸਤੇ "ਨਾਨਕਪ੍ਰਸਤਾਂ" ਸ਼ਬਦ ਵਰਤਦੇ ਸਨ ਜਦੋਂ ਕਿ ਸਿੱਖੀ ਸੇਵਕ ਆਪਸ ਵਿੱਚ 'ਨਾਨਕਪੰਥੀ' ਸੰਬੋਧਨ ਵਰਤਦੇ ਸਨ। ਅਫਗਾਨੀ ਕਾਜ਼ੀ ਨੂਰ ਮੁਹੰਮਦ ਨੇ ਅਬਦਾਲੀ ਹਮਲਿਆਂ ਸਮੇਂ ਸ਼ਾਇਦ ਪਹਿਲੀ ਵਾਰ "ਸਿੱਖ" ਸੰਬੋਧਨ ਵਰਤਿਆ ਜਾਪਦਾ ਹੈ। ਆਪਸ ਵਿੱਚ, ਭਾਈ ਰਤਨ ਸਿੰਘ ਭੰਗੂ ਅਨੁਸਾਰ, ਨਾਨਕਪੰਥੀ-ਸਿੰਘ ਇੱਕ ਦੂਜੇ ਨੂੰ ਸਿੰਘ ਸੰਬੋਧਨ ਕਰਦੇ ਸਨ। ਮੁਕਤੀ ਲਈ ਸੰਗਰਾਮ ਦੇ ਸਮਿਆਂ 'ਚ ਅਤੇ ਸਰਕਾਰੇ ਖਾਲਸਾ ਸਮੇਂ ਸੰਬੋਧਨ ਸਿੰਘ ਜਾਂ ਨਾਨਕਪੰਥੀ ਹੀ ਹੁੰਦਾ ਸੀ ਅਤੇ ਸਮੂਹ ਲਈ ਸੰਬੋਧਨ ਖਾਲਸਾ ਹੁੰਦਾ ਸੀ।ਵੱਖੋ ਵੱਖ ਦਸਤਕਾਰੀਆਂ 'ਵਿਚ ਗੁਜ਼ਰਾਨ ਕਮਾਉਣ ਵਿਚ ਜਾਣ ਵਾਲ਼ਿਆਂ ਨੂੰ ਜਾਤੀ ਦਾ ਜਾਂ ਕੌਮ ਵਾਲਾ ਕਸਬੀ ਨਾਉਂ ਦਿੱਤਾ ਜਾਂਦਾ ਸੀ ਅਤੇ ਅੱਜ ਵੀ ਇਵੇਂ ਹੀ ਜਾਣਿਆ ਜਾਂਦਾ ਹੈ ਭਾਵੇਂ ਕਿ ਕਈਆਂ ਦੇ ਕਸਬ ਵੀ ਬਦਲ ਗਏ ਹਨ। ਸੋ ਸਿੱਖ ਨੂੰ ਪੰਥ ਤਾਂ ਕਹਾਇਆ ਜਾ ਸਕਦਾ ਹੈ ਪਰੰਤੂ ਕੌਮ ਨਹੀਂ। ਜੰਮਦੇ ਮਰਦੇ ਜੱਟ, ਤਰਖਾਣ, ਜੁਲਾਹੇ, ਘੁਮਿਆਰ ਆਦਿਕ ਕੌਮਾਂ ਜੂਨੀ ਹਨ, ਜਦੋਂ ਕਿ ਪੰਥ ਤਾਂ ਅਜੂਨੀ ਹੁੰਦਾ ਹੈ।

ਗੁਜ਼ਰਾਨ ਦੇ ਦੋ ਪਹਿਲੂ ਹਨ :

੧. ਗੁਜ਼ਰਾਨ, ਮਨੁੱਖ ਜਾਂ ਰਾਸ਼ਟਰ ਜਾਂ ਸਟੇਟ ਜਾਂ ਕਾਰਪੋਰੇਟਸ ਜਾਂ ਕੈਪੀਟਲਿਸਟ ਜਾਂ ਕਮਿਊਨਿਸਟ ਦੀ ਦੇਣ ਨਹੀਂ ਹੈ ।

੨. ਗੁਜ਼ਰਾਨ ਦਾ ਆਧਾਰ; ਰਿਜ਼ਕ,ਸੰਪ੍ਰਭੂ ਕੁਦਰਤ ਦੇ ਜੈਵਿਕੀ-ਪ੍ਰਭੁ ਦਾ ਅੰਸ਼ ਹੈ, ਅੰਤਹਿ ਕਿਰਤ ਹੀ ਅਟੁੱਟ ਪ੍ਰਭੁ ਹੈ ਜੀਵ ਦੇ ਜੀਵਨ ਦਾ , ਜਿਸਦੇ ਸਰਮ-ਕਿਰਤ ਦੀ ਵੰਡ-ਖਪਤਕਾਰੀ ਜਾਂ ਵੰਡ ਛਕਣਾ ਕੁਦਰਤ ਰੂਪੀ ਚਲਣ ਜਾਂ ਭਾਣਾ ਹੈ।ਬਾਣੀ ਗੁਰੂ ਦੇ ਸ਼ਬਦਾਂ ਦੀ ਕੀਤੀ ਜਾ ਰਹੀ ਵਿਆਖਿਆ ਵਿੱਚ ਇਹ ਹਕੀਕਤ ਜਾਹਿਰ ਕਿਉਂ ਨਹੀਂ ਹੋ ਰਹੀ ?ਬਾਣੀ ਗੁਰੂ ਦੇ ਗੁਰਦਰਸਨੁ 'ਵਿਚ ; ਪ੍ਰਭ, ਪ੍ਰਭੁ, ਪ੍ਰਭੂ ਸ਼ਬਦਾਂ ਨੂੰ ਰੱਬ ਜਾਂ ਪਰਮਾਤਮਾ ਦੇ ਅਰਥਾਂ 'ਚ ਤਬਦੀਲ ਕਰਨਾ ਡਾ: ਸਾਹਿਬ ਸਿੰਘ ਸਰੀਖੇ ਵਿਦਵਾਨਾਂ ਦੇ ਪੂਰਬਲੇ-ਮਣਸੁ ਯਾਨਿ ਬ੍ਰਾਹਮਣ ਵਿਰਸੇ ਦਾ ਅਤੇ ਈਸਾਈ ਮਤ ਦੇ ਮੁਕਾਬਲੇ ਵਿਚੋਂ ਪੈਦਾ ਹੋਇਆ, ਅੰਸ਼ ਹੈ ਜਿਸਤੋਂ ਅਨੁਭਵ ਹੁੰਦਾ ਹੈ ਕਿ 'ਅੰਮ੍ਰਿਤ ਛਕਣ' ਦੇ ਬਾਵਜ਼ੂਦ ਉਹ ਪੂਰਬਲੇ ਜਨਮ ਵਾਲਾ ਕੁਲਨਾਸ਼ ਬਿਰਤਨਾਸ਼ ਧਰਮਨਾਸ਼ ਨਹੀਂ ਕਰ ਸਕੇ। ਬੋਧਾਂ ਦੇ ਪਤਨ ਦਾ ਆਰੰਭ ਵੀ ਇੱਦਾਂ ਹੀ ਹੋਇਆ ਸੀ।ਰਾਸ਼ਟਰਵਾਦ ਬੋਧਿਕ ਅਫਸਾਨਾਗਿਰੀ ਵਰਤਮਾਨ 'ਵਿਚ ਜ਼ਰੂਰੀ ਵੀ ਹੈ, ਸੰਸਾਰ ਪੱਧਰ ਉੱਤੇ ਜੁੜਣ ਵਾਸਤੇ, ਵੱਡੇ ਪ੍ਰਾਜੈਕਟਾਂ ਵਾਸਤੇ, ਆਕਾਸ਼ੀ ਉਡਾਰੀਆਂ ਵਾਸਤੇ, ਅਕੀਦੇ ਦੀ ਹੋਂਦੂ ਬਚਾਉਣ ਵਾਸਤੇ ਅਤੇ ਮਨੁੱਖੀ ਸੰਗਠਿਤ ਹੋਂਦ ਵਾਸਤੇ ।ਇਹ ਸੰਕਲਪ ਮਨੁੱਖੀ ਬੁੱਧੀ ਦਾ ਹਰਿ-ਨਾਮ ਸਰੂਪ ਵੀ ਹੋ ਸਕਦਾ ਹੈ। ਯਾਨਿ ਇਕ ਸਮੂਹ ਵਾਸਤੇ ਰਾਸ਼ਟਰਵਾਦ, ਉਬਾਰਕ ਹਰਤਾ ਸਿਰਤਾ ਸਰੂਪ ਤਾਂ ਹੀ ਹੋ ਸਕਦਾ ਹੈ ਜੇਕਰ ਰਾਸ਼ਟਰਵਾਦ, ਕੁਦਰਤ ਵਿਚ ਪੂਰੇ ਹੋਏ ਪੂਰਣ ਸੰਪ੍ਰਭੂ ਹੁਕਮ ਦੀ ਰਜ਼ਾ ਦੀ ਸਮਝ ਦੀ ਰੋਸ਼ਨੀ ਅੰਦਰ, ਚੇਤੰਨੁ ਸਦ-ਨਵਿਆਇਆਂ ਜਾਂਦਾ ਆਈਨ ਹੈ।ਪਰੰਤੂ ਤਾਮਸਿਕ ਰਾਜਸਿਕ ਤਸਕਰ ਬੁੱਧੀ ਨੇ, ਕੁਦਰਤ ਦੇ ਅੰਸ਼ਾਂ ਉਤੇ ਮਾਲਕੀ ਅਫ਼ਸਾਨਿਆਂ ਨੂੰ ਸੰਵਿਧਾਨਕ ਕਾਨੂੰਨੀ ਜ਼ਾਬਤਿਆਂ 'ਚ ਬੰਧੁ ਕਰਕੇ ਮਨੁੱਖ ਦੇ ਜਨਮ ਅਧਿਕਾਰ ਰਿਜ਼ਕ ਯਾਨਿ ਜ਼ਮੀਨ,ਸੰਪੱਤੀ, ਕਿਰਤ ਜਾਂ ਸਰਮ-ਪ੍ਰਭੁ ਉਤੇ ਉਲਟਾ ਡਾਕੇ ਮਾਰਨੇ ਵਾਲ਼ੀਆਂ ਨੀਤੀਆਂ ਨੂੰ, ਰਾਸ਼ਟਰੀ ਜਾਂ ਕੌਮੀ ਫ਼ਸਾਨਾ ਜਾਂ ਤਰੱਕੀ-ਗਾਣ ਵਾਲੀ ਠੱਗੀ ਨੂੰ ਹੀ ਗਿਆਨ ਬਣਾ ਠਹਿਰਾ ਕੇ ਮਨੁੱਖੀ ਮਨ ਦਾ ਗੁਲਾਮੀਕਰਣ ਕੀਤਾ ਹੋਇਆ ਹੈ।ਲੋਭੀ ਮਨੁੱਖਾਂ ਨੇ ਕਾਰਪੋਰੇਟ (ਕਮਿਊਨਿਸਟ/ ਡਿਕਟੇਟਰ/ਕੈਪੀਟਲਿਸਟ) ਨੂੰ ਲੋਟੂ-ਸਾਂਝ ਵਾਲੀ ਹਮਲਾਵਰੀ ਜਰਵਾਣਾ ਉਧਾਲਣ ਵਾਲੀ ਤਾਕਤ ਬਣਾ ਧਰਿਆ ਹੈ, ਜਿਸਨੇ ਲੋਕਾਂ ਦੇ ਜਮਾਂਦਰੂ ਪ੍ਰਭੁ ਵਾਲੇ ਹੱਕ ਨੂੰ, ਯਾਨਿ ਜੈਵਿਕੀ ਹਥਲੇ ਰਿਜ਼ਕ, ਸਰਮ-ਪ੍ਰਭ, ਗੁਜਰਾਨ ਅਤੇ ਰੁਜ਼ਗਾਰ ਨੂੰ ਬਹੁਜੁਗਤੀਂ ਕਾਨੂੰਨਾਂ ਦੁਆਰਾ ਲੁੱਟਿਆ। ਇੱਥੋਂ ਤੀਕਰ ਕਿ ਅਨੇਕ ਰੁਜ਼ਗਾਰ ਕਿਰਤਾਂ ਅਤੇ ਹੁਨਰ ਉਧਾਲ ਲਏ ਗਏ ਅਤੇ ਜੀਵ-ਜੈਵਿਕੀ ਕੁਦਰਤ ਦੀ ਪ੍ਰਭੁ-ਪਦਿੱਤੀ ਯਾਨਿ ਜਨ-ਰਿਜ਼ਕ ਦੇ ਹੱਕ ਨੂੰ ਉਲੰਘਿਆ, ਜਿਸ ਦੇ ਪ੍ਰਤੀਕਰਮ ਫਲਸਰੂਪ ਹਜ਼ਾਰਾਂ ਜੈਵਿਕੀ-ਸੰਗ਼ਲੀ ਵਿਚਲੀਆਂ ਜਿਣਸਾਂ ਜਾਤੀਆਂ ਲੁਪਤ ਹੋਇ ਕੈ, ਕੁਦਰਤ ਦੇ ਤਵਾਜ਼ਨ ਸਰਬ ਖੇਤਰਾਂ ਵਿੱਚ ਵਿਗੜ ਕੇ, ਮਨੁੱਖੀ ਹੋਂਦ ਨੂੰ ਹੀ ਖਤਰਾ ਖੜਾ ਹੋ ਗਿਆ।

ਯਾਨਿ ਰਾਸ਼ਟਰਵਾਦ, ਕੁਦਰਤਿ ਪ੍ਰਭੂ-ਪ੍ਰਤੀਕਰਮ ਰੂਪੀ ਸਜ਼ਾ, ਬਣੀ ਜਾਂਦੇ ਹਨ। ਹਿੰਦੁੱਤਵਾ ਦਾ ਵਿਖਾਵਾਕਾਰੀ ਰਾਸ਼ਟਰਵਾਦ ਜੋ ਕਿ ਸਿੰਮ੍ਰਿਤੀ ਵਰਣਆਸ਼ਰਮ ਆਚਾਰ ਵਾਲਾ ਹੈ ਤਾਂ : ਵਰਣਧਰਮ ਦੇ ਅਸੂਲਾਂ ਦੇ ਵਿਰੋਧ ਵਿੱਚ...

—-75ਸਾਲਾਂ ਉਮਰ ਤੋਂ ਵਡੇਰੇ ਸਮਾਜ ਪਰਿਵਾਰ ਵਿੱਚ ਰਹਿੰਦੇ ਕਿਉਂ ਖੇਹ ਖਾ ਰਹੇ 'ਤੇ ਖੇਹ ਝਾਟਿਆਂ 'ਚ ਪਾ ਰਹੇ ਹਨ, ਵਰਣਧਰਮ ਅਨੁਸਾਰ ਸੰਨਿਆਸੀ ਕਿਉਂ ਨਹੀਂ ਬਣਦੇ ? —-

—-ਜਾਤੀਗਤ ਕਿੱਤਿਆਂ ਨੂੰ ਜਾਤੀਆਂ ਤੋਂ ਖੋਹ ਕੇ ਕਿਉਂ ਅੰਬਾਨੀਆਂ ਅਡਾਨੀਆਂ ਵਰਗਿਆਂ ਗ਼ੈਰ-ਕਿਰਤੀ ਗ਼ੈਰ-ਦਸਤਕਾਰ ਮੁਨਾਫ਼ੇਖ਼ੋਰਾਂ ਨੂੰ ਲੁਟਾ ਰਹੇ ਹਨ ?—-ਆਰੀਆ ਵਰਤ ਵੇਲੇ ਭੰਗੀ ਕਿੱਤੇ ਦਾ ਵਜ਼ੂਦ ਹੀ ਨਹੀਂ ਸੀ, ਜੰਗ਼ਲ ਅਤੇ ਨਦੀਸਨਾਨੀ ਸਭਿਆਚਾਰ ਸੀ, ਸੋ ਇਸ ਕਿੱਤੇ ਨੂੰ ਬੈਨ ਕਿਉਂ ਨਹੀਂ ਕੀਤਾ ਅਤੇ ਸਿੰਮ੍ਰਿਤੀਆਂ 'ਵਿਚ ਪੈਦਾ ਹੋਈਆਂ ਅਸ਼ੁੱਧੀਆਂ ਨੂੰ ਕਿਉਂ ਨਹੀਂ ਸੋਧਿਆ ?

—-ਬਣੀਏਂ ਨੂੰ ਵਣਜ ਤੀਕਰ ਹੀ ਰੱਖੋ ਅਤੇ ਕ੍ਰਿਤ-ਉਤਪਾਦਨ ਨੂੰ ਕਸਬੀ-ਜਾਤੀ ਵਾਲੀ ਪਾਤ ਯਾਨਿ ਜਮਾਤ/ ਕਿਸਮ ਅਨੁਸਾਰ, ਮੌਲਿਕ ਜਾਂ ਹਕੀਕੀ ਭਿੰਨ ਕਿਰਤੀ ਜਾਤੀਆਂ ਦੀਆਂ ਸੰਪੂਰਨ ਗਿਣਤੀ ਦੀਆਂ ਕਾਰਪੋਰੇਟਸ ਬਣਾ ਕੇ ਉਹਨਾਂ ਦੀ ਜਾਤੀ ਮਲਕੀਅਤ 'ਚ ਕਿਉਂ ਨਹੀਂ ਦਿੱਤੀਆਂ ਜਾਂਦੀਆਂ ?

—-ਖੱਤਰੀਆਂ ਨੂੰ ਫੌਜਾਂ ਵਿੱਚ ਭੇਜੋ, ਉਹ ਦਫ਼ਤਰਾਂ ਦੁਕਾਨਾਂ ਬਿਜਨਸ 'ਚ ਕੀ ਕਰ ਰਹੇ ਹਨ ?

—-ਅਗਿਆਨੀ ਚੈਤੰਨੁਵਿਹੀਨ ਪਰੰਤੂ ਬਸਤੀਵਾਦੀ ਸਿੱਖਿਆ ਸਿਖਿਅਤ ਪੱਛਮੀਕਰਣ ਹੋਏ ਭ੍ਰਿਸ਼ਟ ਬ੍ਰਾਹਮਣਾਂ ਦੀ ਸੰਚਾਰ, ਪ੍ਰਸ਼ਾਸ਼ਕੀ 'ਵਿਚ ਕੋਈ ਵੈਧਤਾ ਹੀ ਨਹੀਂ ਹੈ। ਪਰੰਤੂ ਉਹਨਾਂ ਦੇ ਵਰਣ ਧਰਮ ਭ੍ਰਿਸ਼ਟਾਂ ਦੇ ਜਾਤੀਗਤ ਜੱਫੇ ਕਿਉਂ ਜਾਇਜ਼ ਠਹਿਰਾਏ ਜਾਂਦੇ ਹਨ ?

ਯਾਨਿ ਸਾਰ ਤੱਤ ਤਾਂ ਇਹ ਹੈ ਕਿ ਹਿੰਦੁੱਤਵਾ ਰਾਸ਼ਟਰਵਾਦ ਨੂੰ ਰਾਖਸ਼ਸ-ਮਲੇਛ-ਪੰਡਤਾਂ ਦੇ ਹੱਥੋਂ ਖੋਹਣਾ ਹੀ ਭਾਰਤੀਆਂ ਦੀ ਮੁਕਤੀ ਅਤੇ ਆਜ਼ਾਦੀ ਦਾ ਜ਼ਾਮਨ ਹੈ।ਬਸਤੀਵਾਦੀ-ਪੜ੍ਹਾਕੂ ਸਿੱਖ ਅਜਾਣਪੁਣੇ ਵਿੱਚ ਇਸੇ ਛਾਯਾ ਛ਼ਲੇਡੇ ਬਸਤੀਵਾਦੀ-ਰਾਸ਼ਟਰਵਾਦ ਦੀ ਸਿੱਖ-ਕਲੋਨਿੰਗ ਕਰਣ 'ਚ ਲੱਗੇ ਹਨ। ਖੇਡੋ, ਜ਼ਰੂਰ ਖੇਡੋ! ਇਸ ਬਸਤੀਵਾਦ-ਰਾਸ਼ਟਰਵਾਦੀ ਨਜ਼ਰੀਏ ਦੀ ਖੇਡ 'ਵਿਚ ਸਭ ਮੁਗਧ ਹਨ, ਪਰ ਸਿੱਖ ਨਾਉਂ ਤੋਂ ਮੁਕਤ ਹੋ ਕੇ ਖੇਡੋ । ਸਿੱਖ ਸ਼ਬਦ ਵਾਲਾ ਨਾਉਂ ਲ਼ਇਓਰਨਿਨਗ ਡਓਚੁਲਟੇ/ ਸੁਰਤ ਲਈ ਸੰਬੋਧਨ ਹੈ, ਜੋ ਕਿ ਜੰਮਦੀ ਮਰਦੀ ਨਹੀਂ। ਸਿਰਫ ਕੌਮਾਂ


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ




New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com



SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕਸ਼ਮੀਰ ਫ਼ਾਈਲਜ਼:‘ਉਨ੍ਹਾਂ ਦੇਸ਼ਾਂ ’ਚ ਜੋ ਸੱਚ ਕਹਿਣ ਦੀ ਸਮਰੱਥਾ ਨੂੰ ਗੁਆ ਬੈਠੇ ਹੋਣ, ਕਿਸੇ ਦਾ ਬੋਲਣਾ ਜ਼ਰੂਰੀ’

ਇਜ਼ਰਾਈਲੀ ਫਿਲਮ ਨਿਰਮਾਤਾ ਨਦਾਵ ਲਪਿਡ ਨੇ ਫ਼ਿਲਮ ‘ਦਿ ਕਸ਼ਮੀਰ ਫ਼ਾਈਲਜ਼’ ਬਾਰੇ ਆਪਣੀਆਂ ਟਿੱਪਣੀਆਂ ‘ਤੇ ਕਾਇਮ ਹੋਣ ਦੀ ਗੱਲ ਆਖੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ‘ਇੱਕ ਫਿਲਮ ਦੇ ਭੇਸ ਵਿੱਚ ਲੁਕੇ ਪ੍ਰਚਾਰ’ ਨੂੰ ਪਛਾਣ ਸਕਦੇ ਹਨ।ਨਦਾਵ ਲਪਿਡ ਇੱਕ ਇਜ਼ਰਾਇਲ ਫ਼ਿਲਮ ਨਿਰਮਾਤਾ ਹਨ ਜੋ 53ਵੇਂ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ ਆਫ਼ ਇੰਡੀਆ (ਆਈਐੱਫਐੱਫਆਈ) ਦੇ ਜਿਊਰੀ ਚੇਅਰਮੈਨ ਸਨ।ਨਦਾਵ ਨੂੰ ਇਸ ਟਿੱਪਣੀ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਭਾਰੀ ਅਲੋਚਣਾ ਦਾ ਸਾਹਮਣਾ ਕਰਨਾ ਪਿਆ। ਇਸ ਦੇ ਬਾਵਜੂਦ ਉਨ੍ਹਾਂ ਖ਼ਬਰ ਏਜੰਸੀ ਪੀਟੀਆਈ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਆਪਣੀ ਇਸ ਟਿੱਪਣੀ ’ਤੇ ਕਾਇਮ ਹਨ ।

ਫ਼ਿਲਮ “ਦਿ ਕਸ਼ਮੀਰ ਫਾਈਲਜ਼” ਨੂੰ ਅਸ਼ਲੀਲ ਤੇ ਪ੍ਰਚਾਰ ਲਈ ਬਣਾਈ ਗਈ ਫ਼ਿਲਮ ਕਹਿਣ ਵਾਲੇ ਨਦਾਵ ਦਾ ਕਹਿਣਾ ਹੈ ਕਿ ਮਾੜੀਆਂ ਫਿਲਮਾਂ ਬਣਾਉਣਾ ਕੋਈ ਅਪਰਾਧ ਨਹੀਂ ਹੈ, ਪਰ ਵਿਵੇਕ ਅਗਨੀਹੋਤਰੀ ਦੀ ਨਿਰਦੇਸ਼ਤ ਫ਼ਿਲਮ ‘ਲੱਚਰ, ਹੇਰਾਫੇਰੀ ਭਰੀ ਤੇ ਹਿੰਸਕ’ ਹੈ।ਫ਼ਿਲਮ ਨਿਰਮਾਤਾ ਨੇ ਕਿਹਾ ਕਿ ਉਨ੍ਹਾਂ ਨੂੰ ਮਹਿਸੂਸ ਕਿ ਕੌਮਾਂਤਰੀ ਜਿਊਰੀ ਦੇ ਮੁਖੀ ਹੋਣ ਨਾਤੇ ਆਪਣੇ ਮਨ ਦੀ ਗੱਲ ਕਹਿਣਾ ਉਨ੍ਹਾਂ ਦਾ ਫ਼ਰਜ਼ ਹੈ।

ਨਦਾਵ ਮੁਤਾਬਿਕ, “ਸੱਚਾਈ ਇਹ ਹੈ ਕਿ ਮੈਂ ਵੀ ਮਦਦ ਨਹੀਂ ਕਰ ਸਕਦਾ ਸੀ ਪਰ ਸੋਚੋ ਕਿ ਜਲਦ ਹੀ ਕਿਸੇ ਦਿਨ ਇਜ਼ਰਾਈਲ ਵਿੱਚ ਅਜਿਹੀ ਸਥਿਤੀ ਪੈਦਾ ਹੁੰਦੀ ਹੈ।ਉਨ੍ਹਾਂ ਕਿਹਾ, “ਮੈਨੂੰ ਖ਼ੁਸ਼ੀ ਹੋਵੇਗੀ ਜੇ ਅਜਿਹੀ ਸਥਿਤੀ ਵਿੱਚ ਕੋਈ ਵਿਦੇਸ਼ੀ ਜਿਊਰੀ ਦਾ ਮੁਖੀ ਆਪਣੇ ਵਿਚਾਰ ਸਾਂਝੇ ਕਰਨ ਲਈ ਤਿਆਰ ਹੋਵੇ ਕਿ ਉਹ ਉਸ ਕੰਮ ਨੂੰ ਕਿਸ ਤਰ੍ਹਾਂ ਦੇਖਦੇ ਹਨ। ਇੱਕ ਤਰੀਕੇ ਨਾਲ ਮੈਨੂੰ ਜਿਸ ਜਗ੍ਹਾ ਸੱਦਿਆ ਗਿਆ ਉਥੇ ਆਪਣੇ ਵਿਚਾਰ ਸਾਂਝੇ ਕਰਨਾ, ਮੈਨੂੰ ਆਪਣਾ ਫ਼ਰਜ਼ ਲੱਗਿਆ।”ਆਪਣੇ ਸਥਾਪਤੀ ਵਿਰੋਧੀ ਵਿਚਾਰਾਂ ਲਈ ਜਾਣੇ ਜਾਂਦੇ ਲਪਿਡ ਨੇ ਫ਼ਿਲਮ ’ਤੇ ਸਿਆਸੀ ਪ੍ਰਭਾਵ ਦਾ ਇਲਜ਼ਾਮ ਲਗਾਉਂਦਿਆਂ ਕਿਹਾ, “ਸਾਨੂੰ ਪਤਾ ਲੱਗਾ ਹੈ ਕਿ ਫ਼ਿਲਮ ਨੂੰ ਸਿਆਸੀ ਦਬਾਅ ਦੇ ਚਲਦਿਆਂ ਅਧਿਕਾਰਤ ਮੁਕਾਬਲਿਆਂ ਵਿੱਚ ਲਿਆਂਦਾ ਗਿਆ ਹੈ।”“ਮੈਂ ਜੋ ਇਥੇ ਆਇਆ ਹਾਂ, ਇੱਕ ਵਿਦੇਸ਼ੀ ਹੋਣ ਦੇ ਨਾਤੇ ਮਹਿਸੂਸ ਕਰਦਾ ਹਾਂ, ਤੁਹਾਡੀ ਇਹ ਜ਼ਿੰਮੇਵਾਰੀ ਹੈ ਕਿ ਤੁਸੀਂ ਉਹ ਗੱਲਾਂ ਕਹੋ ਜੋ ਉੱਥੇ ਰਹਿਣ ਵਾਲੇ ਲੋਕਾਂ ਲਈ ਕਹਿਣੀਆਂ ਔਖੀਆਂ ਹੋ ਸਕਦੀਆਂ ਹਨ।”ਨਦਾਵ ਨੇ ਕਿਹਾ, “ਉਨ੍ਹਾਂ ਦੇਸ਼ਾਂ ’ਚ ਜੋ ਸੱਚ ਬੋਲਣ ਦੀ ਸਮਰੱਥਾ ਗੁਆ ਰਹੇ ਹਨ, ਕਿਸੇ ਦੇ ਬੋਲਣ ਦੀ ਲੋੜ ਹੈ।”



“ਜਦੋਂ ਮੈਂ ਇਹ ਫ਼ਿਲਮ ਦੇਖੀ, ਮੈਂ ਇਸ ਨਾਮ ਮਿਲਦੇ ਇਜ਼ਰਾਈਲੀ ਸੰਸਕਰਣ ਦੀ ਕਲਪਨਾ ਕਰਨੋ ਰਹਿ ਨਾ ਸਕਿਆ , ਜੋ ਹਾਲ ਦੀ ਘੜੀ ਮੌਜੂਦ ਨਹੀਂ ਹੈ ਪਰ ਯਕੀਨੀ ਤੌਰ ‘ਤੇ ਹੋ ਸਕਦਾ ਹੈ। ਇਸ ਲਈ ਮੈਂ ਮਹਿਸੂਸ ਕੀਤਾ ਕਿ ਮੈਨੂੰ ਕਰਨਾ ਚਾਹੀਦਾ ਹੈ, ਕਿਉਂਕਿ ਮੈਂ ਅਜਿਹੀ ਜਗ੍ਹਾ ਤੋਂ ਆਇਆ ਹਾਂ ਜੋ ਆਪਣੇ ਆਪ ਵਿੱਚ ਸੁਧਾਰੀ ਹੋਈ ਨਹੀਂ।

ਉਨ੍ਹਾਂ ਕਿਹਾ, “ਅਜਿਹੇ ਸੰਦਰਭਾਂ ਵਿੱਚ ਮੈਂ ਭੇਦਭਰੀ ਅਤੇ ਕੰਨਾਂ ਵਿੱਚ ਗੱਲਾਂ ਕਰਨ ਵਿੱਚ ਯਕੀਨ ਨਹੀਂ ਕਰਦਾ। ਜੇਕਰ ਤੁਹਾਨੂੰ ਸਟੇਜ ‘ਤੇ ਖੜ੍ਹੇ ਹੋ ਕੇ ਬੋਲਣ ਲਈ ਕਿਹਾ ਜਾਵੇ ਤਾਂ ਤੁਸੀਂ ਕਿਸ ਬਾਰੇ ਗੱਲ ਕਰੋਗੇ? ਉਨ੍ਹਾਂ ਬੀਚਾਂ ਬਾਰੇ ਜੋ ਤੁਸੀਂ ਦੇਖਿਆ ਸੀ ਅਤੇ ਉਸ ਖਾਣੇ ਬਾਰੇ ਜੋ ਤੁਸੀਂ ਖਾਧਾ?”

ਜਦੋਂ ਲਪਿਡ ਨੂੰ ਪੁੱਛਿਆ ਗਿਆ ਕਿ ਕੀ ਉਹ ਕਸ਼ਮੀਰੀ ਪੰਡਤਾਂ ਦੇ ਮੁੱਦੇ ਤੋਂ ਜਾਣੂ ਹਨ ਕਿ ਅਜਿਹੇ ਸਿੱਟਿਆਂ ’ਤੇ ਪਹੁੰਚ ਸਕਣ ਤਾਂ ਉਨ੍ਹਾਂ ਜਾਣਕਾਰੀ ਦੀ ਘਾਟ ਨੂੰ ਸਵਿਕਾਰਦਿਆਂ ਕਿਹਾ,”ਬੇਸ਼ੱਕ ਬਹੁਤਾ ਨਹੀਂ ਜਾਣਦੇ ਸਨ”।ਹਾਲਾਂਕਿ, ਉਸਨੇ ਆਪਣਾ ਬਚਾਅ ਕਰਦਿਆਂ ਕਿਹਾ, “ਤੁਸੀਂ ਲੇਨੀ ਰੀਫੇਨਸਟਲ (ਇੱਕ ਜਰਮਨ ਫਿਲਮ ਨਿਰਮਾਤਾ ਜਿਸਨੇ ਨਾਜ਼ੀਆਂ ਦੀ ਵਡਿਆਈ ਕੀਤੀ ਸੀ) ਦੀਆਂ ਫਿਲਮਾਂ ਵੀ ਦੇਖ ਸਕਦੇ ਹੋ ਅਤੇ ਸਮਝ ਸਕਦੇ ਹੋ ਕਿ ਤੁਸੀਂ ਉਸ ਸਮੇਂ ਬਾਰੇ ਜਾਣਨ ਤੋਂ ਬਗੈਰ ਕੀ ਦੇਖ ਰਹੇ ਹੋ।“ਭਾਰਤ ਵਿਚ ਇਜ਼ਰਾਈਲ ਦੇ ਸਫ਼ੀਰ ਵਲੋਂ ਕੀਤੀ ਗਈ ਆਲੋਚਨਾ ਬਾਰੇ ਲਪਿਡ ਨੇ ਕਿਹਾ ਕਿ ਉਨ੍ਹਾਂ ਦੀਆਂ ਟਿੱਪਣੀਆਂ ‘ਸਿਆਸੀ’ ਸਨ ਪਰ ਉਸ ਦੇ ਦੇਸ਼ ਦੀ ਪ੍ਰਤੀਨਿਧਤਾ ਨਹੀਂ।

ਲਪਿਡ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ ਭਾਰਤੀ ਫ਼ਿਲਮ ਹਸਤੀਆਂ ਦੀਆਂ ਸੈਂਕੜੇ ਈਮੇਲਾਂ ਅਤੇ ਸੁਨੇਹੇ ਮਿਲੇ ਹਨ। ਜਿਨ੍ਹਾਂ ਨੇ ਇਸ ਬਾਰੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਹੈ ਕਿ ਅੰਤ ਨੂੰ ਉਹ ਗੱਲਾਂ ਕਹੀਆਂ ਗਈਆਂ ਜਿਨ੍ਹਾਂ ਵਿੱਚ ਉਹ ਵਿਸ਼ਵਾਸ ਕਰਦੇ ਸਨ”।“ਕਿਉਂਕਿ ਇਹ ਇੱਕ ਅਜਿਹੀ ਫ਼ਿਲਮ ਹੈ ਜਿਸ ਨੂੰ ਭਾਰਤ ਸਰਕਾਰ ਨੇ ਉਤਸ਼ਾਹਿਤ ਕਰਦੀ ਹੈ, ਮੈਂ ਮੰਨਦਾ ਹਾਂ ਕਿ ਉੱਥੋਂ ਦੀ ਸਰਕਾਰ ਇਸ ਸਭ ਤੋਂ ਖ਼ੁਸ਼ ਨਹੀਂ ਹੈ। ਪਰ ਕੀ ਕੋਈ ਦੇਸ਼ ਮਹਿਜ਼ ਜੋ ਸਰਕਾਰ ਸੋਚਦੀ ਹੈ ਉਹ ਹੀ ਹੈ?

ਲਪਿਡ ਜ਼ੋਰ ਦਿੰਦਿਆਂ ਕਹਿੰਦੇ ਹਨ, “ਮੈਂ ਨਹੀਂ ਮੰਨਦਾ। ਮੈਂ ਜੋ ਕਿਹਾ, ਉਹ ਭਾਰਤ ਸਰਕਾਰ ਲਈ ਸੁਣਨਾ ਸੌਖਾ ਨਹੀਂ ਹੈ, ਨਾ ਹੀ ਇਜ਼ਰਾਈਲ ਵਿਚਲੀ ਸਰਕਾਰ ਲਈ, ਜਿਸ ਦੀ ਨੁਮਾਇੰਦਗੀ ਉੱਥੋਂ ਦੇ ਸਫ਼ੀਰ ਕਰਦੇ ਹਨ।”

ਇਹ ਪੁੱਛੇ ਜਾਣ ’ਤੇ ਕਿ ਕੀ ਉਹ ਆਪਣੇ ਵਿਚਾਰ ਜ਼ਾਹਰ ਕਰਨ ਦੇ ਢੰਗ ਤਰੀਕੇ ਵਿੱਚ ਬਦਲਾ ਕਰਨਾ ਚਾਹੁਣਗੇ ਜਿਸ ਨਾਲ ਇਹ ਰੌਲਾ ਪਿਆ ਲਪਿਡ ਨੇ ਕਿਹਾ ਕਿ ਉਨ੍ਹਾਂ ਨੂੰ ਇੱਕ ਨਿਰਦੇਸ਼ਕ ਦੇ ਤੌਰ ‘ਤੇ ਫ਼ਿਲਮ ਸਮਾਰੋਹ ਵਿੱਚ ਸੱਦਿਆ ਗਿਆ ਸੀ ਤੇ ਉਨ੍ਹਾਂ ਨੇ ਇੱਕ ਫ਼ਿਲਮ ਦੇ ਵਿਸ਼ੇ ਬਾਰੇ ਗੱਲ ਕੀਤੀ ਸੀ।ਉਨ੍ਹਾਂ ਕਿਹਾ, ‘’ਮੈਂ ਕਸ਼ਮੀਰ ਦੇ ਸੰਘਰਸ਼ ਬਾਰੇ ਕੋਈ ਵੀ ਵਿਚਾਰ ਸਾਂਝੇ ਕਰਨ ਨਹੀਂ ਆਇਆ।”

ਭਾਰਤ ਵਿੱਚ ਇਜ਼ਰਾਇਲ ਦੇ ਰਾਜਦੂਤ ਨੋਰ ਗਿਲੋਨ ਨੇ ਵੀ ਲਪਿਡ ਦੇ ਬਿਆਨ ਦੀ ਨਖੇਧੀ ਕੀਤੀ ਸੀ। ਉਨ੍ਹਾਂ ਟਵੀਟ ਜ਼ਰੀਏ ਨਦਾਵ ਲਪਿਡ ਨੂੰ ਇੱਕ ਖੁੱਲ੍ਹੀ ਚਿੱਠੀ ਲਿਖੀ ਗਈ।ਉਨ੍ਹਾਂ ਲਿਖਿਆ, “ਨਦਾਵ ਲਪਿਡ ਦੇ ਕਸ਼ਮੀਰ ਫ਼ਿਲਮਜ਼ ਤੋਂ ਬਾਅਦ ਉਨ੍ਹਾਂ ਲਈ ਇੱਕ ਖੁੱਲ੍ਹੀ ਚਿੱਠੀ।

ਇਹ ਯਹੂਦੀ ਨਹੀਂ ਹੈ ਕਿਉਂਕਿ ਮੈਂ ਚਾਹੁੰਦਾ ਹਾਂ ਕਿ ਸਾਡੇ ਭਾਰਤੀ ਭੈਣ ਭਰਾਵਾਂ ਨੂੰ ਸਮਝਿਆ ਜਾਵੇ। ਇਹ ਮੁਕਾਲਬਤਨ ਲੰਬਾ ਵੀ ਹੈ ਇਸ ਲਈ ਮੈਂ ਆਖ਼ਰੀ ਗੱਲ ਪਹਿਲਾਂ ਕਹਾਂਗਾ।” ਤੁਹਾਨੂੰ ਸ਼ਰਮਿੰਦਾ ਹੋਣਾ ਚਾਹੀਦਾ ਹੈ। ਇੱਥੇ ਦੇਖੋ ਕਿਉਂ...”ਇਹ ਕਹਿੰਦਿਆਂ ਉਨ੍ਹਾਂ ਸਮਾਗਮ ਦੀ ਇੱਕ ਤਸਵੀਰ ਸਾਂਝੀ ਕੀਤੀ।

# ਦਲ ਖਾਲਸਾ ਨੇ ਸੱਦੀ 10 ਦਸੰਬਰ ਨੂੰ ਚੰਡੀਗੜ੍ਹ ਵਿਚ ਸੰਘਰਸ਼ਸ਼ੀਲ ਕੌਮਾਂ ਦੀ ਇਕੱਤਰਤਾ




ਅੰਮ੍ਰਿਤਸਰ:-ਦਲ ਖਾਲਸਾ ਨੇ 72 ਵਾਂ ਵਿਸ਼ਵ ਮਨੁੱਖੀ ਅਧਿਕਾਰ ਦਿਵਸ ਪੂਰੇ ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਰਾਜਨੀਤਿਕ ਕੈਦੀਆਂ ਨੂੰ ਸਮਰਪਤ ਕਰਨ ਦਾ ਫੈਸਲਾ ਲਿਆ ਹੈ।ਪਾਰਟੀ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਆਗੂਆਂ ਨੇ ਦੱਸਿਆ ਕਿ ਉਹ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਨਿੱਘਰ ਰਹੀ ਹਾਲਤ ਨੂੰ ਦੇਖਦਿਆਂ ਚੰਡੀਗੜ੍ਹ ਵਿਖੇ ਇਕੱਤਰਤਾ ਰੱਖੀ ਗਈ ਹੈ।ਇਸ ਵਿੱਚ ਕਸ਼ਮੀਰੀ, ਤਾਲਿਨਾਡੂ, ਸਿੱਖ ਅਤੇ ਨਾਗਿਆਂ ਦੀ ਲੀਡਰਸ਼ਿਪ ਅਤੇ ਮਨੁੱਖੀ ਅਧਿਕਾਰਾਂ ਲਈ ਕੰਮ ਕਰ ਰਹੇ ਵਕੀਲ ਤੇ ਕਾਰਕੁੰਨ ਸ਼ਾਮਲ ਹੋਣਗੇ ।ਉਨ੍ਹਾਂ ਦੱਸਿਆ ਕਿ ਦਿੱਲੀ ਦੇ ਸ਼ਾਹੀਨ ਬਾਗ ਅਤੇ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਮੁਜਾਹਰਾ ਕਤਿਾ ਸੀ ਉਨਾ ਨੂੰ ਵੀ ਕੇਂਦਰ ਸਰਕਾਰ ਨੇ ਜੇਲਾਂ ਵਿੱਚ ਡੱਕਿਅ ਹੋਇਆ ਹੈ। ਉਹਨਾਂ ਕਿਹਾ ਕਿ ਇਨ੍ਹਾਂ ਮੁੱਦਿਆਂ ਉਪਰ ਆਵਾਜ਼ ਉਠਾਈ ਜਾਵੇਗੀ।

---

ਜੰਮਦੀਆਂ ਮਰਦੀਆਂ ਹਨ।ਜੱਟਾਂ ਤੋਂ ਲੈ ਕੇ ਬਾਲਮੀਕੀਆਂ ਤੀਕਰ ਸਭ ਕਿੱਤਾਗਤ ਜਾਤੀਆਂ ਜਾਂਦੀਆਂ ਜਾਤੀ ਸਮੂਹ ਹਨ। ਕਿਰਸਾਣੀ-ਦਸਤਕਾਰੀ ਦੇ ਸੰਜੋਗ ਵਿੱਚ ਕਾਰਜਸ਼ਾਲੀ ਸਮਾਨ-ਅਨੁਪੂਰਕ ਅਤੇ ਭਾਗੀਦਾਰੀ ਕਿਰਤੀ-ਸਰਮ ਦਸਤਕਾਰੀਆਂ ਇੱਕ ਆਰਥਿਕ ਇਕਾਈ ਹਨ ਯਾਨਿ ਸਮੁੱਚ ਵਿੱਚ ਸੰਪੂਰਨ ਖੇਤਕਾਰੀ ਵਾਲਾ ਸਰਮ ਬਣਦੀਆਂ ਹਨ। ਜਿਸ ਵੀ ਕਿੱਤੇ ‘ਚ ਜਿਸਦੀ ਨਿਪੁੰਨਤਾ ਅਤੇ ਰੁਚੀ ਹੈ ਸੋਈ ਉਸਦਾ ਕਿੱਤਾ ਹੈ ਅਤੇ ਸੋਈ ਉਸਦੀ ਜਾਤੀ।ਸੋ ਇਸ ਨੁਕਤਾ ਨਿਗਾਹ ਨਜ਼ਰੀਏ ਤੋਂ ਖੇਤਕਾਰੀ-ਰਾਸ਼ਟਰਵਾਦ ਜਾਂ ਜੱਟਲੈਂਡ , ਅਨੁਪੂਰਕ ਭਾਗੀਦਾਰੀ-ਰੁਜ਼ਗਾਰਾਂ ਦੀ ਮਲਕੀਅਤ ਦੇ ਆਧਾਰ ਉਤੇ ਪ੍ਰਦਰਸ਼ਿਤ ਕਰੋ, ਤਾਂ ਹੀ ਰਾਜਸ਼ਕਤੀ ਹਾਸਲ ਹੋਵੇਗੀ ਅਤੇ ਬੇਰੁਜ਼ਗਾਰੀ। ਮਾਲਕੀ ਵਿਹੀਨ ਮਜ਼ਦੂਰੀ ਵਾਲਾ ਮੁੱਦਾ ਹੀ ਲੁਪਤ ਹੋਵਣ ਦੀ ਪਰਾਲਭਧ ਫਿਰ ਅਟੱਲ ਹੈ। ਜੜਵਿਹੀਨ ਲੱਫਾਜੀ ਨਾਰੇਬਾਜੀ ਨਾਲ ਸਿਰਫ ਜਵਾਨੀ ਦਾ ਘਾਣ ਅਤੇ ਮੰਦਬੁੱਧ ਦਾ ਪਸਾਰਾ ਹੀ ਹਾਸਲ ਹੋਵੇਗਾ । ਦੁਬਾਰਾ ਮੁਜਾਰਾ ਹਸਤੀ ਵੱਲ ਨੂੰ ਗ਼ਰਕਣ ਵਾਲੇ ਹੀਲੇ ਹਨ ਇਹ। ਪਰਾਧੀਨ ਰਿਜ਼ਕ ਵਿੱਚ ਲੱਗੇ ਮਿਹਨਤ ਕਸ਼ਾਂ ਨੂੰ ਪੂਰੀ ਉਜਰਤ ਨਸੀਬ ਨਹੀਂ ਦਾ ਅਰਥ ਇਹ ਹੈ ਕਿ ਉਹ ਬੇਗ਼ਾਰੀ ਮਜ਼ਦੂਰੀ ਕਰਦੇ ਹਨ।ਕਿਰਸਾਣੀ-ਦਸਤਕਾਰੀਆਂ ਦੀ ਤਾਕਤ, ਕਿਰਸਾਣੀ ਦੇ ਤਾਕਤਵਰ ਮੁਜ਼ਾਹਰਿਆਂ ਤੋਂ ਪ੍ਰਮਾਣਿਤ ਹੈ , ਬਸ ਚਾਹੀਦਾ ਹੈ ਬਾਬਾ ਬੰਦਾ ਸਿੰਘ ਬਹਾਦਰ ਵਾਲਾ ਸਤਿਗੁਰੁ ਗੋਬਿੰਦ ਸਿੰਘ ਦੁਆਰਾ ਬਖ਼ਸ਼ਿਆ ਨਾਨਕਿਨੀਸਾਣਾ ਤੀਰ। **-ਪ੍ਰੋ ਦੇਵਿੰਦਰ ਸਿੰਘ ਹਿਸਟੋਰੀਅਨ**

ਇਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ‘ਦੱਖਣੀ ਏਸ਼ੀਆ ਦੀ ਸ਼ਾਂਤੀ ਖ਼ਤਰੇ ਵਿਚ’

## ਦੁਨੀਆ ਨੂੰ ਕਸ਼ਮੀਰ ਵਿਵਾਦ ਨੂੰ ਸੰਯੁਕਤ ਰਾਸ਼ਟਰ ਦੇ ਪ੍ਰਸਤਾਵਾਂ ਤਹਿਤ ਹੱਲ ਕਰੇ:ਬਹਿਲ



ਜੰਮੂ: ਜੰਮੂ-ਕਸ਼ਮੀਰ ਵਿੱਚ ਆਲ ਪਾਰਟੀ ਹੁਰੀਅਤ ਕਾਨਫਰੰਸ (ਏਪੀਐਚਸੀ) ਦੇ ਆਗੂ ਐਡਵੋਕੇਟ ਦਵਿੰਦਰ ਸਿੰਘ ਬਹਿਲ ਨੇ ਕੌਮਾਂਤਰੀ ਭਾਈਚਾਰੇ ਨੂੰ ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਰੌਸ਼ਨੀ ਵਿੱਚ ਕਸ਼ਮੀਰ ਵਿਵਾਦ ਦਾ ਹੱਲ ਕਰਨ ਦੀ ਅਪੀਲ ਕੀਤੀ ਹੈ।

ਦਵਿੰਦਰ ਸਿੰਘ ਬਹਿਲ ਨੇ ਜੰਮੂ ਵਿੱਚ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਅਣਸੁਲਝੇ ਲੰਮੇ ਵਿਵਾਦ ਕਾਰਨ ਦੱਖਣੀ ਏਸ਼ੀਆ ਦੀ ਸ਼ਾਂਤੀ ਖ਼ਤਰੇ ਵਿੱਚ ਹੈ।

ਉਨ੍ਹਾਂ ਕਿਹਾ ਕਿ ਕਸ਼ਮੀਰ ਵਿਵਾਦ ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅਪੂਰਨ ਸਬੰਧਾਂ ਦਾ ਮੁੱਖ ਕਾਰਨ ਹੈ ਅਤੇ ਜਦੋਂ ਤੱਕ ਇਸ ਮੁੱਦੇ ਦਾ ਹੱਲ ਨਹੀਂ ਹੁੰਦਾ, ਦੱਖਣੀ ਏਸ਼ੀਆਈ ਖੇਤਰ ਵਿੱਚ ਟਿਕਾਊ ਸ਼ਾਂਤੀ ਸਥਾਪਤ ਨਹੀਂ ਹੋ ਸਕਦੀ।

ਉਨ੍ਹਾਂ ਨੇ ਕਿਹਾ ਕਿ 1947 ਤੋਂ ਪਾਕਿਸਤਾਨ ਕਸ਼ਮੀਰ ਵਿਵਾਦ ਦੇ ਸ਼ਾਂਤੀਪੂਰਨ ਅਤੇ ਦੋਸਤਾਨਾ ਹੱਲ ਲਈ ਸੰਘਰਸ਼ ਕਰ ਰਿਹਾ ਹੈ ਪਰ ਭਾਰਤ ਦੀ ਜ਼ਿੱਦ ਇਸ ਦੇ ਹੱਲ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਦਵਿੰਦਰ ਸਿੰਘ ਬਹਿਲ ਨੇ ਅੱਗੇ ਕਿਹਾ ਕਿ ਪਾਕਿਸਤਾਨ ਹਰ ਮੰਚ ‘ਤੇ ਸੰਯੁਕਤ ਰਾਸ਼ਟਰ ਦੇ ਮਤਿਆਂ ਅਤੇ ਕਸ਼ਮੀਰੀ ਲੋਕਾਂ ਦੀ ਇੱਛਾ ਅਨੁਸਾਰ ਵਿਵਾਦ ਦੇ ਨਿਪਟਾਰੇ ਦੀ ਵਕਾਲਤ ਕਰ ਰਿਹਾ ਹੈ ਜਦਕਿ ਭਾਰਤ ਅੰਤਰਰਾਸ਼ਟਰੀ ਭਾਈਚਾਰੇ ਦੇ ਸਾਹਮਣੇ ਕਸ਼ਮੀਰੀ ਲੋਕਾਂ ਨਾਲ ਕੀਤੇ ਵਾਅਦੇ ਤੋਂ ਭਟਕ ਰਿਹਾ ਹੈ।

ਉਨ੍ਹਾਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਕਸ਼ਮੀਰ ਵਿਵਾਦ ਦੇ ਨਿਪਟਾਰੇ ਲਈ ਆਪਣੀ ਪ੍ਰਭਾਵਸ਼ਾਲੀ ਅਤੇ ਮਹੱਤਵਪੂਰਨ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਤਾਂ ਜੋ ਇਸ ਖੇਤਰ ਵਿੱਚ ਸਥਾਈ ਸ਼ਾਂਤੀ ਸਥਾਪਿਤ ਹੋ ਸਕੇ।

# 9.40 ਲੱਖ ਪ੍ਰਵਾਸੀਆਂ ਨੂੰ ਮਿਲੀ ਅਮਰੀਕਾ ਦੀ ਸਿਟੀਜ਼ਨਸ਼ਿਪ

ਵਾਸ਼ਿੰਗਟਨ:ਅਮਰੀਕਾ ਸਰਕਾਰ ਨੇ 9 ਲੱਖ 40 ਹਜ਼ਾਰ ਪ੍ਰਵਾਸੀਆਂ ਨੂੰ ਸਿਟੀਜ਼ਨਸ਼ਿਪ ਦਿੰਦਿਆਂ ਪਿਛਲੇ 14 ਸਾਲ ਦਾ ਰਿਕਾਰਡ ਤੋੜ ਦਿਤਾ ਹੈ।

ਪਿਊ ਰਿਸਰਚ ਸੈਂਟਰ ਦੀ ਰਿਪੋਰਟ ਮੁਤਾਬਕ 30 ਸਤੰਬਰ ਨੂੰ ਖ਼ਤਮ ਹੋਏ ਵਿੱਤੀ ਵਰ੍ਹੇ ਦੌਰਾਨ 9 ਲੱਖ ਤੋਂ ਵੱਧ ਪ੍ਰਵਾਸੀਆਂ ਨੂੰ ਅਮਰੀਕਾ ਦੀ ਨਾਗਰਿਕਤਾ ਮਿਲੀ ਜਿਨ੍ਹਾਂ ਵਿਚੋਂ 61 ਹਜ਼ਾਰ ਭਾਰਤੀ ਸਨ।

ਅਮਰੀਕੀ ਨਾਗਰਿਕਤਾ ਹਾਸਲ ਕਰਨ ਵਾਲੇ ਭਾਰਤੀਆਂ ਦੀ ਗਿਣਤੀ ਵਿਚ 27 ਫ਼ੀ ਸਦੀ ਵਾਧਾ ਹੋਇਆ ਹੈ ਜਦਕਿ ਕਿਸੇ ਵੇਲੇ ਸਿਖਰ ’ਤੇ ਰਹੇ ਚੀਨ ਨਾਲ ਸਬੰਧਤ ਪ੍ਰਵਾਸੀਆਂ ਦੀ ਗਿਣਤੀ ਵਿਚ 20 ਫ਼ੀ ਸਦੀ ਕਮੀ ਆਈ ਹੈ।


T&S Transportation
Hiring Owner Operators & Drivers





ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333



GOLDEN STAR PAINTING
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ





ਭੁਪਿੰਦਰ ਸਿੰਘ ਗਿੱਲ:604-897-5750



# ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ। ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ। ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ। ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

# Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331
ਪਰਮਜੀਤ ਪਰਮਾਰ:604-889-1738

# ਬਾਦਲਾਂ ਦੀਆਂ ਨੌਟੰਕੀਆਂ ਤੇ ਸਿੱਖ ਪੰਥ

1984 ਵਿੱਚ ਸਿੱਖਾਂ ਦੀ ਨਸਲਕੁਸ਼ੀ ਤੋਂ ਬਾਅਦ ਭਾਰਤ ਸਰਕਾਰ ਨੂੰ ਪਤਾ ਸੀ ਕਿ ਪੰਜਾਬ ਵਿੱਚ ਸਿੱਖਾਂ ਵਿੱਚ ਬਹੁਤ ਗੁੱਸਾ ਹੈ ਭਾਰਤ ਵਿਰੋਧੀ ਭਾਵਨਾ ਪ੍ਰਬਲ ਹੈ। ਇਸ ਕਰਕੇ ਉਨਾ ਪੰਜਾਬ ਦੇ ਹੁਕਮਰਾਨ ਉਹ ਚੁਣੇ ਜੋ ਸਿਖਾਂ ਵਰਗੇ ਹੋਣ ਤੇ ਪਰ ਕੰਮ ਉਹ ਨਵੀਂ ਦਿੱਲੀ ਦਾ ਹੀ ਕਰਨ।

ਪੰਜਾਬ ਵਿੱਚ ਪੰਥਕ ਧਿਰਾਂ ਦੀ ਚੜ੍ਹਾਈ ਇੰਨੀ ਸੀ ਕਿ ਸਰਕਾਰ ਨੂੰ ਵੋਟਾਂ ਕਰਉਂਣ ਦੀ ਹਿੰਮਤ ਨਹੀਂ ਪੈਂਦੀ ਸੀ ਕਿ ਜੇ ਕੋਈ ਸੱਚੀ ਪੰਥਕ ਧਿਰ ਅੱਗੇ ਆ ਗਈ ਤਾਂ ਪੰਜਾਬ ਦੀ ਬਗਾਵਤ ਖਤਰਨਾਕ ਰੂਪ ਧਾਰ ਸਕਦੀ ਹੈ। ਜਿਉਂ ਹੀ ਖਾੜਕੂ ਧਿਰਾਂ ਕਮਜ਼ੋਰ ਹੋਈਆਂ ਤਾਂ 5 ਪ੍ਰਤੀਸ਼ਤ ਵੋਟਾਂ ਵਾਲੀ ਸਰਕਾਰ ਜਿਸਦਾ ਮੁਖੀ ਬੇਅੰਤ ਸਿੰਹ ਬੁੱਚੜ ਲਾਇਆ ਨਾਲ ਹੀ ਕੇਪੀ ਗਿੱਲ ਇਹ ਦੋਨੋਂ ਉਪਰੋਂ ਸਿੱਖ ਦਿਸਦੇ ਸਨ ਪੰਜਾਬ ਵਿੱਚ ਸ਼ਾਂਤੀ ਲਿਆਂਉਂਣ ਦਾ ਜਿੰਮਾ ਲੈਂਦੇ ਸਨ ਪਰ ਅੰਦਰਖਾਤੇ ਇਨਾ ਦੇ ਨਾਮ ਤੇ ਸਰਕਾਰੀ ਏਜੰਸੀਆਂ ਨੇ ਸਿੱਖ ਨੌਜਵਾਨਾ ਦਾ ਸ਼ਿਕਾਰ ਖੇਡਿਆ। ਇੱਕ ਪਾਸੇ ਪੁਲਿਸ ਨੌਜਵਾਨ ਦਾ ਸ਼ਿਕਾਰ ਕਰਦੀ ਤੇ ਦੂਸਰੇ ਪਾਸੇ ਬਾਦਲ ਕੇ ਭੋਗਾਂ ਤੇ ਜਾ ਕੇ ਮਗਰ ਮੱਛ ਦੇ ਹੰਝੂ ਬਹਾਂਉਂਦੇ। ਸ਼ਾਜਿਸ਼ ਅਧੀਨ ਇਹ ਸਿੱਖਾਂ ਵਿੱਚ ਆਪਣੀਂ ਸਥਾਪਤੀ ਬਣਾ ਰਹੇ ਸਨ। ਝੂਠੇ ਮੁਕਾਬਲਿਆਂ ਵਿੱਚ ਸ਼ਹੀਦ ਕੀਤੇ ਜਾਂਦੇ ਨੌਜਵਾਨਾ ਦੇ ਭੋਗਾਂ ਤੇ ਇਹ ਤੱਤੀਆਂ ਗੱਲਾਂ ਕਰਦੇ। ਵੱਡੀ ਮਿਸਾਲ, ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਗੁਰਦੇਵ ਸਿੰਘ ਕਾਂਉਂਕੇ ਨੂੰ ਸ਼ਹੀਦ ਕੀਤਾ ਤਾਂ ਬਾਦਲ ਨੇ ਉਨਾ ਦੇ ਭੋਗ ਕਿਹਾ ਇਸ ਕਤਲ ਦੀ ਸਾਡੀ ਸਰਕਾਰ ਆਉਂਣ ਤੇ ਜਾਂਚ ਕਰਵਾਵਾਂਗੇ। ਭਾਈ ਕਾਉਂਕੇ ਦੇ ਕਤਲ ਦੀ ਪੁਲੀਸ ਅਫਸਰ ਬੀ ਪੀ ਤਿਵਾੜੀ ਦੀ ਰਿਪੋਰਟ ਇਸੇ ਬਾਦਲ ਨੇ ਬਾਹਰ ਹੀ ਆਂਉਂਣ ਨਹੀਂ ਦਿੱਤੀ।

ਜਦੋਂ ਬਾਦਲ ਦੀ ਸਰਕਾਰ ਬਣੀ ਤਾਂ ਇਨਾ ਨੇ ਪੰਜਾਬ ਅਤੇ ਸਿੱਖਾਂ ਨਾਲ ਵੱਡਾ ਧ੍ਰੋਹ ਕਮਾਇਆ। ਪੀਪਲਜ਼ ਕਮਿਸ਼ਨ ਨੂੰ ਪੰਜਾਬ ਵਿੱਚ ਕੰਮ ਨਾ ਕਰਨ ਧਿੱਤਾ। ਇਹ ਪੀਪਲਜ਼ ਕਮਿਸ਼ਨ ਪੰਜਾਬ ਮਾਰੇ ਗਏ ਹਿੰਦੂ ਸਿੱਖਾਂ ਹਤਿਆਵਾ ਲਈ ਕੌਣ ਦੋਸ਼ੀ ਹਨ ਬਾਰੇ ਜਾਂਚ ਕਰਨੀ ਸੀ। ਜਿਸ ਵਿੱਚ ਹਾਈ ਕੋਰਟ ਦੇ ਤਿੰਨ ਜੱਜ ਜਿਨਾ ਵਿੱਚ ਦੋ ਹਿੰਦੂ ਸਨ ਅਤੇ ਸ.ਕੁਲਦੀਪ ਸਿੰਘ ਸਨ। ਪਰ ਬਾਦਲ ਦੀ ਸਿੱਖਾਂ ਪ੍ਰਤੀ ਮਾੜੀ ਸੋਚ ਸੀ ਪਹਿਲਾ ਇਹ ਕਹਿੰਦੇ ਸਨ ਕਿ ਪੰਜਾਬ ਦੀ ਹਰ ਛੋਟੀ ਵੱਡੀ ਘਟਨਾ ਦੀ ਜਾਂਚ ਕਰਵਾਂਗੇ ਪਰ ਬਾਅਦ ਵਿੱਚ ਇਹ ਕਹਿਣ ਲੱਗ ਪਏ ਸਭ ਭੁੱਲ ਜਾਉ ਆਉ ਦੇਸ਼ ਨੂੰ ਤਰੱਕੀ ਵੱਲ ਲੈ ਚੱਲੀਏ।

ਇਥੇ ਬੱਸ ਨਹੀਂ ਜੋ ਅਫਸਰ ਝੂਠੇ ਮੁਕਾਬਿਲਆਂ ਦੇ ਦੋਸ਼ੀ ਸਨ ਉਨਾ ਨੂੰ ਤਰੱਕੀਆਂ ਦਿੱਤੀਆਂ। ਕੇਪੀ ਐਸ ਗਿੱਲ ਨਾਲ ਰਾਤਾਂ ਨੂੰ ਮੀਟਿੰਗਾਂ ਕਰਦੇ ਸਨ। ਇਜ਼ਹਾਰ ਆਲਮ,ਸੁਮੇਧ ਸੈਣੀਂ ਤੇ ਹੋਰ ਕਈ ਛੋਟੇ ਮੋਟੇ ਅਫਸਰ ਇਨਾ ਦੇ ਚਹੇਤੇ ਬਣੇਂ ਰਹੇ। ਇਨਾ ਨੇ ਦੇਹਧਾਰੀਆ ਨੂੰ ਪੂਰੀ ਤਰਾਂ ਪ੍ਰਮੋਟ ਕੀਤਾ। ਇਹ ਜਾਣਦੇ ਹੋਏ ਕਿ ਇਹ ਡੇਰੇ ਸਿੱਖ ਪੰਥ ਦੇ ਸ਼ਰੀਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾ ਨੂੰ ਇਹ ਛੋਟੀਆਂ ਮੋਟੀਆਂ ਘਟਨਵਾ ਹੀ ਦੱਸਦੇ ਰਹੇ ਹਨ।

ਨਵੀ ਦਿੱਲੀ ਨੂੰ ਪਤਾ ਸੀ ਕਿ ਪੰਜਾਬ ਦੇ ਲੋਕ ਛੇਤੀ ਇਨਾ ਚਾਲਾ ਸਮਝ ਜਾਣਗੇ ਉਨਾ ਨੇ ਜਦ ਤੱਕ ਦੂਜਾ ਘੋੜਾ ਤਿਆਰ ਕਰ ਲਿਆ ਸੀ ਕੈਪਟਨ ਅਮਰਿੰਦਰ ਸਿੰਘ। ਬਾਦਲ ਤੇ ਕੈਪਟਨ ਦਿੱਲੀ ਜਾ ਕੇ ਇਹੀ ਮੁਕਾਬਲਾ ਕਰਦੇ ਸਨ ਕਿ ਸਾਡੇ ਵਿੱਚੋਂ ਕਿਹੜਾ ਸਿੱਖਾਂ ਨੂੰ ਦਬਾ ਕੇ ਰੱਕ ਸਕਦਾ ਹੈ। ਇਨਾ ਨੇ ਦੋ ਚਾਰ ਪਾਰੀਆਂ ਵਾਰੀ ਵਾਰੀ ਖੇਡੀਆ। ਇਨੇ ਚਿਰ ਨੂੰ ਪੰਥ ਵਿਰੋਧੀਆਂ ਪੰਜਾਬ ਨਾਲ ਧ੍ਰੋਹ ਕਮਾਉਂਦਿਆ ਵੱਡੀ ਪੱਧਰ ਤੇ ਨਸ਼ਾ ਪੰਜਾਬ ਵਿੱਚ ਸੁੱਟ ਦਿੱਤਾ। । ਜਿਸਨੇ ਹਾਲਾਤ ਇੰਨੇ ਬਦਤਰ ਕਰ ਦਿੱਤੇ ਹਨ ਕਿ ਵੱਡੇ ਵੱਡੇ ਜਾਲਮਾ ਅੱਗੇ ਨਾ ਝੁਕਣ ਵਾਲੇ ਪੰਜਾਬੀ ਨਸ਼ੇ ਦੇ ਗੁਲਾਮ ਹੋ ਗਏ ਹਨ। ਨੌਜਵਾਨਾ ਨੂੰ ਨਸ਼ੇ ਤੇ ਲਾ ਕੇ ਕਿਸਾਨਾ ਤੋਂ ਜ਼ਮੀਨਾ ਖੋਹਣ ਦੀ ਸ਼ਾਜਿਸ ਵੀ ਚੱਲ ਰਹੀ ਹੈ। ਕਿਉਂਕਿ ਨਸ਼ਾ ਪੂਰਤੀ ਲਈ ਇਨਸਾਨ ਕੁਝ ਵੀ ਕਰ ਸਕਦਾ ਹੈ। ਇਸ ਗਹਿਰੀ ਚਾਲ ਨੂੰ ਆਮ ਬੰਦਾ ਸਮਝਣ ਤੋਂ ਅਸਮਰੱਥ ਹੈ।

ਜਦੋਂ ਇਨਾ ਬਾਦਲਾਂ ਤੇ ਕੈਪਟਨਾ ਦਾ ਲੋਕਾਂ ਪਤਾ ਲੱਗਿਆ ਹੈ ਦੋਨੋ ਹੀ ਸਿਆਂਸੀ ਪਿੜ੍ਹ ਤੋਂ ਬਾਹਰ ਹਨ। ਕੈਪਟਨ ਤਾਂ ਪਹਿਲਾ ਅਸਲੀ ਰੂਪ ਵਿੱਚ ਆ ਗਿਆ ਤੇ ਭਾਜਪਾ ਵਿੱਚ ਚਲਾ ਗਿਆ। ਪਰ ਬਾਦਲ ਨੇ ਵੀ ਢਿੱਲ ਨਹੀਂ ਸੀ ਕਰਨੀ ਪਰ ਭਾਜਪਾ ਹੀ ਇਨਾ ਨੂੰ ਮੂੰਹ ਨਹੀਂ ਲਾ ਰਹੀ ।

ਹੁਣ ਇਨਾ ਨੇ ਨਵਾਂ ਢਕਵੰਜ ਸ਼ੁਰੂ ਕੀਤਾ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਖਤੀ ਮੁਹਿੰਮ ਸ਼ੁਰੂ ਕੀਤੀ ਹੈ। ਪਰ ਯਾਦ ਹੋਵੇਗਾ ਇਨਾ ਬੰਦੀ ਸਿੰਘਾ ਨੂੰ ਬਾਹਰਲੀਆਂ ਜੇਲਾਂ ਚੋ ਪੰਜਾਬ ਲਿਆਉਂਣ ਲਈ ਇਨਾ ਬਾਦਲਾ ਨੇ ਹੀ ਮਨਾ ਕੀਤਾ ਸੀ ਤੇ ਕਿਹਾ ਕਿ ਇਹ ਪੰਜਾਬ ਦੀ ਸ਼ਾਤੀ ਲਈ ਖਤਰਾ ਹਨ ਹੁਣ ਕਿਹੜੇ ਮੂੰਹ ਨਾਲ ਦਸਖਤੀ ਮੁਹਿੰਮ ਸ਼ੁਰੂ ਕਰ ਰਹੇ ਹਨ। ਲੋਕਾਂ ਨੂੰ ਬੇਵਕੂਫ ਬਣਾਉਂਣ ਲਈ ਕਹਿ ਰਹੇ ਹਨ ਕਿ ਵਿਦੇਸ਼ਾਂ ਵਿਚ ਵੀ ਦਖਖਤੀ ਮੁਹਿੰਮ ਸ਼ੁਰੂ ਕਰਵਾਂਗੇ। ਵਿਦੇਸ਼ਾਂ ਵਿੱਚ ਤਾਂ ਸਿੱਖ ਪਹਿਲਾਂ ਕਈ ਵਾਰ ਆਨ ਲਾਈਨ ਪਟੀਸ਼ਨਾਂ ਯੂ ਐਨ ਤੱਕ ਪਾ ਚੁੱਕੇ ਹਨ। ਹੁਣ ਤਕਨਾਲੋਜੀ ਇਨੀ ਅਗਾਂਹਵਧੂ ਹੈ ਕਿ ਕਾਗਜ਼ਾਂ ਤੇ ਦਸ਼ਖਤ ਕਰਨ ਦੀ ਲੋੜ ਨਹੀਂ ਕੰਪਿਊਟਰ ਰਾਹੀਂ ਆਨ ਲਾਈਨ ਪਟੀਸ਼ਨ ਤੁਸੀ ਘਰ ਬੈਠੇ ਹੀ ਸਾਈਨ ਕਰ ਸਕਦੇ ਹੋ?

ਜਾਂ ਤਾਂ ਇਹ ਸਮਝ ਤੋਂ ਬਿਲਕੁੱਲ ਕੋਰੇ ਹਨ ਜਾਂ ਫਿਰ ਬਹੁਤ ਚਲਾਕ'ਸਿੱਖ ਕੌਮ ਨੂੰ ਬੁਧੂ ਬਣਾ ਰਹੇ ਹਨ।




ਦਿੱਲੀ ਦਰਬਾਰ 'ਚ ਪੇਸ਼ੀ

ਦੁਨੀਆਂ ਦਾ ਬੱਚਾ ਬੱਚਾ ਜਾਣਦਾ ਹੈ ਕਿ ਯੂ ਟਿਊਬ ਚੈਨਲ ਬਣਾਉਂਣਾਂ ਕਿੰਨਾ ਕੁ ਔਖਾ ਹੈ?ਕੋਈ ਛੇਵੀਂ ਸਤਵੀ ਵਾਲਾ ਬੱਚਾ ਜਦੋਂ ਜੀ ਚਾਹੇ ਆਪਣਾਂ ਚੈਨਲ ਬਣਾ ਸਕਦਾ ਹੈ। ਸ੍ਰੋਮਣੀ ਕਮੇਟੀ ਤੇ ਕਾਬਜ਼ ਬਾਦਲ ਦਲੀਏ ਅਜੇ ਬਿਆਨ ਦੇ ਰਹੇ ਹਨ ਕਿ ਅਸੀਂ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਤੋਂ ਦੇ ਕੀਤਰਨ ਦੇ ਪ੍ਰਸਾਰਨ ਲਈ ਯੂ ਟਿਊਬ ਚੈਨਲ ਬਣਾਵਾਂਗੇ।

ਹੁਣ ਜਦੋਂ ਪੰਥ ਵਿੱਚ ਨਵੀਆ ਮੁਹਿੰਮਾ ਤੇ ਲੋਕ ਜਾਗਰੂਕ ਹੋ ਰਹੇ ਹਨ ਤਾਂ ਇਨਾ ਨੂੰ ਪੰਥਕ ਮੁੱਦੇ ਤੇ ਬੰਦੀ ਸਿੰਘ ਯਾਦ ਅ ਾਗਏ। ਇਨਾ ਨੂੰ ਪੁੱਛੋ ਇਨਾ ਵੱਲੋਂ ਸ਼ੁਰੂ ਕੀਤੇ ਵੱਧ ਅਧਿਕਾਰਾ ਦੇ ਮੋਰਚੇ ਦਾ ਕੀ ਬਣਿਆ?ਉਸ ਵਾਰੇ ਗੱਲ ਕਿਉਂ ਨਹੀਂ ਕਰਦੇ? ਪਹਿਲਾ ਤਾਂ ਬਾਦਲ, ਲੌਗੋਵਾਲ,ਟੌਹੜਾ ,ਤਲਵੰਡੀ ਵਰਗਿਆਂ ਨੇ ਵੱਧ ਅਦਿਕਾਰਾਂ ਦਾ ਮੋਰਚਾ ਜਿੱਤਣ ਲਈ ਸ਼ਹੀਦ ਸੰਤ ਜਰਨੈਲ ਸਿੰਘ ਦੀਆਂ ਮਿੰਨਤਾ ਕਰਕੇ ਇਕੱਠੇ ਮੋਰਚਾ ਲਾਉਂ ਦੀ ਬੇਨਤੀ ਕੀਤੀ। ਸੰਤ ਜੀ ਅੱਗੇ ਪੰਥ ਦਾ ਵਾਸਤਾ ਪਾਇਆ। ਪਰ ਸੰਤ ਜੀ ਨੇ ਸਹੁੰਆ ਖਵਾਈਆਂ ਵੱਧ ਅਧਿਕਾਰਾਂ ਦੇ ਮੋਰਚੇ ਤੋਂ ਭੱਜਣ ਨਹੀਂ ਦੇਣਾ। ਪਹਿਲਾਂ ਤਾਂ ਸਹੁੰਆਂ ਖਾਂ ਲਈਆਂ ਬਾਅਦ ਵਿੱਚ ਮੁੱਕਰ ਗਏ ਤੇ ਇੰਦਰਾਂ ਗਾਂਧੀ ਨੂੰ ਕਹਿੰਦੇ ਅਸੀ ਤਾਂ ਮੋਰਚਾ ਛੱਡਣ ਲਈ ਤਿਆਰ ਹਾਂ ਪਰ ਸੰਤ ਜਰਨੈਲ ਸਿੰਘ ਨਹੀਂ ਮੰਨਦਾ ਅਖੀਰ ਇਨਾ ਨੇ ਉਸਨੂੰ ਸ਼ਹੀਦ ਕਰਵਾ ਦਿੱਤਾ।

ਯਾਦ ਰੱਖਣਾ ਜਿਨਾ ਚਿਰ ਸਿੱਖ ਵਿਰੋਧੀ ਏਜੰਸੀਆਂ ਨੂੰ ਸ਼ੱਕ ਰਹੇਗਾ ਕਿ ਸ਼੍ਰੋਮਣੀਂ ਕਮੇਟੀ ਤੇ ਸੱਚੀ ਸਿੱਖ ਧਿਰ ਕਾਬਜ਼ ਹੋ ਜਾਵੇਗੀ ਉਹ ਕਦੇ ਵੀ ਸ਼੍ਰੋਮਣੀਂ ਕਮੇਟੀ ਦੀਆਂ ਚੋਣਾਂ ਨਹੀਂ ਕਰਵਾਏਗੀ। ਪਿਛਲਾ ਇਤਹਾਸ ਦੇਖ ਲਵੋ। ਜੂਨ 84 ਤੋਂ ਬਾਅਦ ਦੋ ਦਹਾਕੇ ਚੋਣ ਨਹੀਂ ਹੋਈ। ਹੁਣ ਕਿੰਨਾ ਚਿਰ ਹੋ ਗਿਆ। ਜੇ ਬਾਦਲ ਦਲੀਏ ਜਾਂ ਸ਼੍ਰੋਮਣੀਂ ਕਮੇਟੀ ਦਾ ਪ੍ਰਧਾਨ ਇੰਨਾ ਇਮਾਨਦਾਰ ਹੈ ਤਾਂ ਸ਼੍ਰੋਮਣੀ ਕਮੇਟੀਆਂ ਦੀਆਂ ਚੋਣਾਂ ਕਰਵਉਂਣੀਆਂ ਚਾਹੀਦੀਆਂ ਹਨ।

ਪੰਜਾਬ ਦੇ ਸਿੱਖ ਅਤੇ ਕਿਸਾਨ ਜਾਗ ਪਏ ਹਨ ਵੱਖ ਵੱਖ ਮੁਹਿੰਮਾਂ ਸਰਗਰਮ ਹਨ। ਸੋ ਇਨਾ ਅਖੌਤੀ ਪੰਜਾਬ ਦੇ ਆਗੂਆਂ ਨੂੰ ਕੰਬਣੀ ਛਿੜੀ ਪਈ ਹੈ। ਭਾਈ ਅੰਮ੍ਰਿਤਪਾਲ ਸਿੰਘ ਦੀ ਵਹੀਰ ਵਿੱਚ ਲੋਕ ਇੰਨਾ ਨੂੰ ਨੰਗੇ ਕਰ ਰਹੇ ਹਨ। ਹੁਣ ਇਨਾ ਦਾ ਬੱਸ ਨਹੀਂ ਚੱਲਦਾ ਸਿਰਫ ਤੜਫਦੇ ਹਨ। ਜੇ ਇਨਾ ਦੀ ਸਰਕਾਰ ਹੁੰਦੀ ਹੁਣ ਨੂੰ ਇਨਾ ਨੇ ਵਹੀਰ ਤੇ ਪਾਬੰਧੀ ਲਾ ਦੇਣੀਂ ਸੀ। ਇਹ ਵੀ ਸਮਝ ਲੈਣਾ ਚਾਹੀਦਾ ਕਿ ਲੋਕਾਂ ਕੋਲ ਆਮ ਆਦਮੀ ਪਾਰਟੀ ਦੀ ਸਰਕਾਰ ਲਿਆਂਉਂਣਾ ਤੋਂ ਸਿਵਾਏ ਕੋਈ ਚਾਰਾ ਨਹੀਂ ਸੀ,ਮੈਦਾਨ ਖਾਲ੍ਹੀ ਸੀ। ਪਰ ਜੇ ਗੁਰੂ ਮਹਾਰਾਜ ਨੇ ਮਿਹਰ ਕੀਤੀ ਤਾਂ ਛੇਤੀ ਹੀ ਪੰਜਾਬ ਦੇ ਸਿਆਸੀ ਪਿੜ੍ਹ ਵਿੱਚ ਖਾਲਸੇ ਦੇ ਬੋਲ ਬਾਲੇ ਦੇ ਜੈਕਾਰੇ ਹੋਰ ਬਲੁੰਦ ਹੁੰਦੇ ਜਾਣਗੇ ਜੋ ਕਿ ਸ਼ੁਰੂ ਹੋ ਚੁੱਕੇ ਹਨ। -ਅਮਰਜੀਤ ਸਿੰਘ


# ॥ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥



ਸ. ਹਰਚਰਨ ਸਿੰਘ ਸਹੋਤਾ
ਅਕਤੂਬਰ 01, 1935-ਦਸੰਬਰ 01, 2022

**ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਪਿਤਾ ਜੀ ਸ. ਹਰਚਰਨ ਸਿੰਘ ਸਹੋਤਾ 1 ਦਸੰਬਰ ਨੂੰ ਅਕਾਲ ਚਲਾਣਾ ਕਰ ਗਏ ਹਨ। ਇਹਨਾਂ ਦਾ ਅੰਤਮ ਸਸਕਾਰ 11 ਦਸੰਬਰ ਦਿਨ ਐਤਵਾਰ ਸਵੇਰੇ 10 ਵਜੇ ਵੈਲੀ ਵਿਊ ਫਿਊਨਰਲ ਹੋਮ ਸਰੀ (14644-72ਐਵੇਨਿਊ) ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ (7050-120 ਸਟਰੀਟ) ਵਿਖੇ ਸਵੇਰੇ 11.30 ਵਜੇ ਹੋਵੇਗੀ।**

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕਰ ਸਕਦੇ ਹੋ
ਸਤਵੀਰ ਸਿੰਘ ਸਹੋਤਾ:604-765-7808, ਬਲਜੀਤ ਸਿੰਘ ਸਿੱਧੂ 604-961-8858
ਜਤਿੰਦਰ ਕੌਰ ਸਿੱਧੂ:604-807-3411, ਇੰਦਰਪ੍ਰੀਤ ਕੌਰ ਸਹੋਤਾ:778-552-4699

# ਨਿਊਯਾਰਕ 'ਚ ਚੂਹੇ ਮਾਰਨ ਦੀ ਨੌਕਰੀ:ਤਨਖਾਰ ਇੱਕ ਲੱਖ 20 ਹਜ਼ਾਰ ਡਾਲਰ ਸਾਲਾਨਾ



ਨਿਊਯਾਰਕ : ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਇਨ੍ਹੀਂ ਦਿਨੀਂ ਚੂਹਿਆਂ ਦਾ ਆਤੰਕ ਹੈ। ਇਸ ਕਾਰਨ ਆਮ ਲੋਕਾਂ ਦੇ ਨਾਲ-ਨਾਲ ਅਧਿਕਾਰੀ ਵੀ ਕਾਫੀ ਪਰੇਸ਼ਾਨ ਹਨ। ਚੂਹਿਆਂ ਦੀ ਵਧਦੀ ਆਬਾਦੀ ਨਾਲ ਨਜਿੱਠਣ ਲਈ ਇੱਥੇ ਮੇਅਰ ਵਿੱਚ ਨਵਾਂ ਕੰਮ ਕੱਢਿਆ ਗਿਆ ਹੈ। ਕੰਮ ਕਰਨ ਵਾਲੇ ਲੋਕਾਂ ਨੂੰ ਜੋ ਤਨਖ਼ਾਹ ਮਿਲੇਗੀ, ਉਹ ਭਾਰਤ ਦੇ ਕਈ ਸਰਕਾਰੀ ਵਿਭਾਗਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਤੋਂ ਵੱਧ ਹੋਵੇਗੀ।ਨਿਊਯਾਰਕ ਸਿਟੀ ਡਿਪਾਰਟਮੈਂਟ ਆਫ ਸੈਨੀਟੇਸ਼ਨ ਦੇ ਅਨੁਸਾਰ, ਪਿਛਲੇ ਦੋ ਸਾਲਾਂ ਵਿੱਚ ਸੜਕਾਂ, ਸਬਵੇਅ ਅਤੇ ਇੱਥੋਂ ਤੱਕ ਕਿ ਘਰਾਂ ਵਿੱਚ ਦੇਖੇ ਗਏ ਚੂਹਿਆਂ ਦੀ ਗਿਣਤੀ ਵਿੱਚ 71 ਪ੍ਰਤੀਸ਼ਤ ਵਾਧਾ ਹੋਇਆ ਹੈ। ਸ਼ਹਿਰ ਵਿੱਚ ਚੂਹਿਆਂ ਦੀ ਆਬਾਦੀ ਕਾਫੀ ਵਧ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਕੂੜੇ ਕਾਰਨ ਸ਼ਹਿਰ ਵਿੱਚ ਚੂਹਿਆਂ ਦੀ ਆਬਾਦੀ ਤੇਜ਼ੀ ਨਾਲ ਵੱਧ ਰਹੀ ਹੈ।ਮੇਅਰ ਐਰਿਕ ਐਡਮਜ਼ ਨੇ ਵੀਰਵਾਰ ਨੂੰ ਨੌਕਰੀ ਦੀ ਘੋਸ਼ਣਾ ਕਰਦੇ ਹੋਏ ਕਿਹਾ, "ਮੈਨੂੰ ਚੂਹਿਆਂ ਤੋਂ ਵੱਧ ਹੋਰ ਕਿਸੇ ਵੀ ਨਫ਼ਰਤ ਨਹੀਂ ਹੈ।"ਜੇ ਤੁਹਾਡੇ ਕੋਲ ਨਿਊਯਾਰਕ ਸਿਟੀ ਦੀ ਲਗਾਤਾਰ ਚੂਹਿਆਂ ਦੀ ਆਬਾਦੀ ਨਾਲ ਲੜਨ ਲਈ ਦ੍ਰਿੜ ਇਰਾਦੇ ਅਤੇ ਕਾਤਲ ਸੁਭਾਅ ਦੀ ਲੋੜ ਹੈ, ਤਾਂ ਤੁਹਾਡੀ ਸੁਪਨੇ ਦੀ ਨੌਕਰੀ ਤੁਹਾਡੀ ਉਡੀਕ ਕਰ ਰਹੀ ਹੈ।'ਨਵੀਂ ਨੌਕਰੀ ਲਈ 120 ਹਜ਼ਾਰ ਡਾਲਰ (97 ਲੱਖ 72 ਹਜ਼ਾਰ 800 ਰੁਪਏ) ਤੋਂ 170 ਹਜ਼ਾਰ ਡਾਲਰ (ਇਕ ਕਰੋੜ 38 ਲੱਖ 44 ਹਜ਼ਾਰ 800 ਰੁਪਏ) ਦੇ ਵਿਚਕਾਰ ਭੁਗਤਾਨ ਕੀਤਾ ਜਾਵੇਗਾ ਬਿਨੈਕਾਰ ਨਿਊਯਾਰਕ ਸਿਟੀ ਤੋਂ ਹੋਣੇ ਚਾਹੀਦੇ ਹਨ। ਉਸ ਕੋਲ ਬੈਚਲਰ ਦੀ ਡਿਗਰੀ ਹੋਣੀ ਚਾਹੀਦੀ ਹੈ ਅਤੇ ਚੂਹਿਆਂ ਨੂੰ ਮਾਰਨ ਲਈ ਪੱਕਾ ਇਰਾਦਾ ਹੋਣਾ ਚਾਹੀਦਾ ਹੈ। ਕਿਹਾ ਜਾਂਦਾ ਹੈ ਕਿ ਨਿਊਯਾਰਕ ਵਿੱਚ 2014 ਵਿੱਚ ਚੂਹਿਆਂ ਦੀ ਆਬਾਦੀ 20 ਲੱਖ ਸੀ। ਸਭ ਤੋਂ ਵੱਧ ਚੂਹੇ ਸ਼ਿਕਾਗੋ ਸ਼ਹਿਰ ਵਿੱਚ ਹਨ।

# ਕੈਨੇਡਾ 'ਚ ਪੰਜਾਬੀ ਕੁੜੀ ਦਾ ਕਤਲ




ਬਰੈਂਪਟਨ: ਕੈਨੇਡਾ ਤੋਂ ਮੰਦਭਾਗੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਮਿਸੀਸਾਗਾ ਦੇ ਇੱਕ ਗੈਸ ਸਟੇਸ਼ਨ 'ਤੇ ਕੰਮ ਕਰਦੀ 21 ਸਾਲ ਦੀ ਪੰਜਾਬੀ ਕੁੜੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕਾ ਦੀ ਪਛਾਣ ਬਰੈਂਪਟਨ ਦੀ ਵਾਸੀ ਪਵਨਪ੍ਰੀਤ ਕੌਰ ਵਜੋਂ ਹੋਈ। ਉਨਟਾਰੀਓ ਦੀ ਪੀਲ ਪੁਲਿਸ ਦਾ ਕਹਿਣਾ ਹੈ ਕਿ ਇਹ ਕਤਲ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕੀਤਾ ਗਿਆ। ਪੂਰੀ ਯੋਜਨਾ ਬਣਾਉਣ ਮਗਰੋਂ ਹਮਲਾਵਰਾਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ।


AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323




TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads
Need Company Drivers
*Single Driver Pay 52cents/mile*
*Team Drivers 32 cents/mile*
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2



# ‘ਮੈਨੂੰ ਅਮਰੀਕੀ ਪੁਲੀਸ ਨੇ ਹਿਰਾਸਤ ’ਚ ਨਹੀਂ ਲਿਆ’



ਚੰਡੀਗੜ;-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿੱਧੂ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਘੜਨ ਵਾਲੇ ਗੋਲਡੀ ਬਰਾੜ ਨੂੰ ਅਮਰੀਕਾ ਵਿੱਚ ਹਿਰਾਸਤ ਵਿੱਚ ਲੈਣ ਦੇ ਕੀਤੇ ਦਾਅਵੇ ਤੋਂ ਤਿੰਨ ਦਿਨ ਮਗਰੋਂ ਗੈਂਗਸਟਰ ਨੇ ਯੂਟਿਊਬ ’ਤੇ ਦਿੱਤੀ ਇੰਟਰਵਿਊ ਵਿੱਚ ਦਾਅਵਾ ਕੀਤਾ ਹੈ ਕਿ ਉਹ ਨਾ ਕਿਸੇ ਦੀ ਕਸਟਡੀ ਵਿੱਚ ਹੈ ਤੇ ਨਾ ਹੀ ਉਸ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਗੈਂਗਸਟਰ ਨੇ ਇਹ ਦਾਅਵਾ ਯੂਟਿਊਬ ਦੇ ਪੱਤਰਕਾਰ ਕੋਲ ਕੀਤਾ ਹੈ। ਦਿ ਟ੍ਰਿਬਿਊਨ ਹਾਲਾਂਕਿ ਇਸ ਵੀਡੀਓ ਦੀ ਅਧਿਕਾਰਤ ਤੌਰ ’ਤੇ ਪੁਸ਼ਟੀ ਨਹੀਂ ਕਰਦਾ ਹੈ। ਬਰਾੜ ਵੀਡੀਓ ਵਿੱਚ ਇਹ ਕਹਿੰਦਾ ਨਜ਼ਰ ਆਉਂਦਾ ਹੈ ਕਿ ਉਸ ਨੂੰ ਹਿਰਾਸਤ ਵਿੱਚ ਲਏ ਜਾਣ ਦਾ ਮੁੱਖ ਮੰਤਰੀ ਭਗਵੰਤ ਮਾਨ ਦਾ ਦਾਅਵਾ ਸਰਾਸਰ ਗ਼ਲਤ ਹੈ। ਗੈਂਗਸਟਰ ਨੇ ਕਿਹਾ ਕਿ ਉਹ ਤਾਂ ਅਮਰੀਕਾ ਵਿੱਚ ਵੀ ਨਹੀਂ ਹੈ। ਬਰਾੜ ਦਾ ਇਹ ਵੀਡੀਓ ਮੁੱਖ ਮੰਤਰੀ ਭਗਵੰਤ ਮਾਨ ਲਈ ਵੱਡੀ ਨਮੋਸ਼ੀ ਹੈ, ਕਿਉਂਕਿ ਉਨ੍ਹਾਂ ਗੁਜਰਾਤ ਵਿੱਚ ਮੀਡੀਆ ਦੇ ਰੂਬਰੂ ਹੁੰਦਿਆਂ ਉਪਰੋਕਤ ਦਾਅਵਾ ਕੀਤਾ ਸੀ। ਮੁੱਖ ਮੰਤਰੀ ਦੀ ਮੀਡੀਆ ਟੀਮ, ਜਿਸ ਵਿੱਚ ਪੰਜਾਬ ਦੇ ਕੁਝ ਆਈਏਐੱਸ ਅਧਿਕਾਰੀ ਵੀ ਸ਼ਾਮਲ ਸਨ, ਨੇ ਪੱਤਰਕਾਰਾਂ ਨੂੰ ਕਿਹਾ ਸੀ ਕਿ ਉਹ ਅਹਿਮ ਪ੍ਰੈੱਸ ਕਾਨਫਰੰਸ ਲਈ ਤਿਆਰ ਰਹਿਣ ਜਿਸ ਵਿੱਚ ਮੁੱਖ ਮੰਤਰੀ ਮਾਨ ਤਫ਼ਸੀਲ ਵਿੱਚ ਦੱਸਣਗੇ ਕਿ ਬਰਾੜ ਨੂੰ ਹਿਰਾਸਤ ਵਿੱਚ ਕਿਵੇਂ ਲਿਆ ਗਿਆ। ਮੁੱਖ ਮੰਤਰੀ ਭਗਵੰਤ ਮਾਨ ਦਾ ਉਪਰੋਕਤ ਦਾਅਵਾ ਮੂਸੇਵਾਲਾ ਕੇਸ ਵਿੱਚ ਪੰਜਾਬ ਪੁਲੀਸ ਲਈ ਇਕ ਹੋਰ ਝਟਕਾ ਹੈ ਕਿਉਂਕਿ ਜਦੋਂ ਕਿਸੇ ਲੋੜੀਂਦੇ ਭਾਰਤੀ ਅਪਰਾਧੀ ਨੂੰ ਵਿਦੇਸ਼ ਵਿਚ ਕਾਬੂ ਕੀਤਾ ਜਾਂਦਾ ਹੈ ਤਾਂ ਅਜਿਹੇ ਕੇਸਾਂ ਨਾਲ ਭਾਰਤ ਸਰਕਾਰ ਤੇ ਕੇਂਦਰੀ ਏਜੰਸੀਆਂ ਸਿੱਝਦੀਆਂ ਹਨ। ਇਸ ਤੋਂ ਪਹਿਲਾਂ ਦਿੱਲੀ ਵਿਸ਼ੇਸ਼ ਸੈੱਲ ਦੀ ਪੁਲੀਸ ਨੇ ਮੂਸੇਵਾਲਾ ਕਤਲ ਕਾਂਡ ਵਿੱਚ ਸ਼ਾਮਲ ਬਹੁਤੇ ਸ਼ੂਟਰਾਂ ਨੂੰ ਗ੍ਰਿਫਤਾਰ ਕੀਤਾ ਸੀ। ਮਗਰੋਂ ਇਸ ਕੇਸ ਦਾ ਇਕ ਹੋਰ ਮੁਲਜ਼ਮ ਦੀਪਕ ਟੀਨੂ ਪੰਜਾਬ ਪੁਲੀਸ ਦੇ ਸਬ-ਇੰਸਪੈਕਟਰ ਦੀ ਮਦਦ ਨਾਲ ਮਾਨਸਾ ਪੁਲੀਸ ਦੀ ਹਿਰਾਸਤ ਵਿਚੋਂ ਫਰਾਰ ਹੋ ਗਿਆ ਸੀ। ਉਧਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਲੰਘੇ ਦਿਨ ਦਾਅਵਾ ਕੀਤਾ ਸੀ ਕਿ ਮੁੱਖ ਮੰਤਰੀ ਮਾਨ ਨੇ ਗੋਲਡੀ ਬਰਾੜ ਨੂੰ ਅਮਰੀਕਾ ਵਿੱਚ ਹਿਰਾਸਤ ਵਿੱਚ ਲੈਣ ਬਾਰੇ ਝੂਠ ਬੋਲਿਆ ਹੈ। ਸੂਬੇ ਦੀ ਸੈਰ-ਸਪਾਟਾ ਮੰਤਰੀ ਅਨਮੋਲ ਗਗਨ ਮਾਨ ਨੇ ਸ਼ਨੀਵਾਰ ਨੂੰ ਕਿਹਾ ਸੀ ਕਿ ਬਰਾੜ ਨੂੰ ਜਲਦੀ ਭਾਰਤ ਲਿਆਂਦਾ ਜਾਵੇਗਾ।

# ਕਤਰ ‘ਚ ਜਸੂਸੀ ਦੇ ਦੋਸ਼ ਵਿੱਚ 8 ਭਾਰਤੀ ਨੇਵੀ ਕਰਮੀਆਂ ਦੀ ‘ਕੀ ਕਿਸਮਤ ਪਲਟੇਗੀ’?

ਨਵੀਂ ਦਿੱਲੀ:ਜਿੱਥੇ ਸਭ ਦੀਆਂ ਨਜ਼ਰਾਂ ਕਤਰ ‘ਚ ਚੱਲ ਰਹੇ ਫੁੱਟਬਾਲ ਵਿਸ਼ਵ ਕੱਪ ‘ਤੇ ਟਿਕੀਆਂ ਹੋਈਆਂ ਹਨ, ਉਥੇ ਜਾਸੂਸੀ ਦੇ ਦੋਸ਼ ‘ਚ ਹਿਰਾਸਤ ‘ਚ ਲਏ ਗਏ ਅੱਠ ਭਾਰਤੀ ਜਲ ਸੈਨਾ ਕਰਮੀਆਂ ਤੇ ਮੌਤ ਦੀ ਤਲਵਾਰ ਲਟਕ ਰਹੀ ਹੈ।

ਮੋਦੀ ਸਰਕਾਰ ਨੇ ਯਤਨ ਕੀਤਾ ਹੈ ਕਿ ਇੰਡੀਅਨ ਸਰਵਿਸਮੈਨ ਮੂਵਮੈਂਟ (ਆਈ.ਈ.ਐਸ.ਐਮ.) ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੂੰ ਇੱਕ ਪੱਤਰ ਲਿਖੇ ਅਤੇ ਨਾਲ ਹੀ ਉਹਨਾਂ ਦੇ ਦਖਲ ਦੀ ਮੰਗ ਕੀਤੀ, ਤਾਂ ਜੋ ਇਹ ਪ੍ਰਭਾਵ ਦਿੱਤਾ ਜਾ ਸਕੇ ਕਿ ਹਿਰਾਸਤ ਵਿੱਚ ਲਏ ਗਏ ਭਾਰਤੀ ਅਧਿਕਾਰੀ ਸਾਬਕਾ ਸੈਨਿਕ ਹਨ, ਅਤੇ ਉਹਨਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਪੱਤਰ ਦੀਆਂ ਕਾਪੀਆਂ ਪ੍ਰਧਾਨ ਮੰਤਰੀ ਮੋਦੀ, ਰੱਖਿਆ ਮੰਤਰੀ ਅਤੇ ਤਿੰਨਾਂ ਸੈਨਾਵਾਂ ਦੇ ਮੁਖੀਆਂ ਨੂੰ ਵੀ ਭੇਜੀਆਂ ਗਈਆਂ ਹਨ। ਇਸ ਪੂਰੀ ਕਵਾਇਦ ਦਾ ਉਦੇਸ਼ ਕਤਰ ਸਰਕਾਰ ਨੂੰ ਇਹ ਵਿਸ਼ਵਾਸ ਦਿਵਾਉਣਾ ਹੈ ਕਿ ਨਜ਼ਰਬੰਦ ਅਧਿਕਾਰੀ ਸੇਵਾ ਨਹੀਂ ਕਰ ਰਹੇ ਹਨ ਬਲਕਿ ਸਾਬਕਾ ਜਲ ਸੈਨਾ ਦੇ ਕਰਮਚਾਰੀ ਹਨ। ਪਤਾ ਲੱਗਾ ਹੈ ਕਿ ਫੁੱਟਬਾਲ ਟੂਰਨਾਮੈਂਟ ਤੋਂ ਬਾਅਦ ਕਤਰ ਸਰਕਾਰ ਇਨ੍ਹਾਂ ਨੇਵੀ ਅਧਿਕਾਰੀਆਂ ਦਾ ਇਕਬਾਲੀਆ ਬਿਆਨ ਜਨਤਕ ਕੀਤਾ ਜਾ ਰਿਹਾ ਹੈ।

ਭਾਰਤ ਨੇ ਉਨ੍ਹਾਂ ਦੀ ਗ੍ਰਿਫਤਾਰੀ ਬਾਰੇ ਜ਼ਿਕਰ ਨਹੀਂ ਕੀਤਾ ਸੀ, ਪਰ ਇਹ ਮਾਮਲਾ ਉਦੋਂ ਹੀ ਸਾਹਮਣੇ ਆਇਆ ਜਦੋਂ ਜਲ ਸੈਨਾ ਦੇ ਇਨ੍ਹਾਂ ਜਵਾਨਾਂ ਦੇ ਪਰਿਵਾਰਾਂ ਨੇ ਸੋਸ਼ਲ ਮੀਡੀਆ ‘ਤੇ ਖੁਲਾਸਾ ਕੀਤਾ ਕਿ ਅਗਸਤ ਵਿੱਚ ਕਤਰ ਦੇ ਗ੍ਰਹਿ ਮੰਤਰਾਲੇ ਨੇ ਉਨ੍ਹਾਂ ਦੇ ਘਰਾਂ ਤੋਂ ਅੱਧੀ ਰਾਤ ਨੂੰ ਉਨ੍ਹਾਂ ਨੂੰ ਚੁੱਕਿਆ ਗਿਆ ਸੀ। ਬਾਅਦ ਵਿੱਚ ਕਤਰ ਵਿੱਚ ਭਾਰਤੀ ਰਾਜਦੂਤ ਨੂੰ ਗ੍ਰਿਫਤਾਰੀਆਂ ਦੀ ਹਮਾਇਤ ਕਰਨੀ ਪਈ।

ਹਿਰਾਸਤ ਵਿੱਚ ਲਏ ਗਏ ਭਾਰਤੀ ਜਲ ਸੈਨਾ ਦੇ ਜਵਾਨਾਂ ਦੀ ਪਛਾਣ ਸੀ.ਡੀ.ਆਰ. ਪੂਰਨੇਂਦੂ ਤਿਵਾੜੀ, ਕੈਪਟਨ ਨਵਤੇਜ ਸਿੰਘ ਗਿੱਲ, ਕਮਾਂਡਰ ਬੀਰੇਂਦਰ ਕੁਮਾਰ ਵਰਮਾ, ਕੈਪਟਨ ਸੌਰਭ ਵਸ਼ਿਸ਼ਟ, ਕਮਾਂਡਰ ਸੁਗਨਾਕਰ ਪਕਾਲਾ, ਕਮਾਂਡਰ ਅਮਿਤ ਨਾਗਪਾਲ, ਕਮਾਂਡਰ ਸੰਜੀਵ ਗੁਪਤਾ ਅਤੇ ਮਲਾਹ ਰਾਗੇਸ਼ ਵਜੋਂ ਹੋਈ ਹੈ।

ਕਿਹਾ ਜਾ ਰਿਹਾ ਹੈ ਕਿ “ਉਨ੍ਹਾਂ ਦੀ ਰਿਹਾਈ ਅਤੇ ਜਲਦੀ ਤੋਂ ਜਲਦੀ ਵਾਪਸੀ ਦੀ ਇੱਛਾ ਹੈ,” ਪਰ ਨਾਲ ਹੀ ਡਰ ਹੈ ਕਿ ਅੱਠ ਕਰਮਚਾਰੀ ਆਪਣਾ ਦੋਸ਼ ਕਬੂਲ ਕਰਨ ਵਾਲੇ ਹਨ ਉਨ੍ਹਾਂ ਦੇ ਬਿਆਨ ਫੁੱਟਬਾਲ ਵਿਸ਼ਵ ਕੱਪ ਤੋਂ ਤੁਰੰਤ ਬਾਅਦ ਜਨਤਕ ਕੀਤੇ ਜਾ ਸਕਦੇ ਹਨ।









# ਬੱਬਰ ਅਕਾਲੀ ਲਹਿਰ ਦੇ ੧੦੦ ਸਾਲ

## ਬੱਬਰ ਅਕਾਲੀ ਕਹਾਉਣ ਵਾਲੇ ਇਸ ਜਥੇ ਦੇ ਸਿੰਘ ਪੂਰਨ ਗੁਰਸਿੱਖ ਸਨ

ਬੱਬਰ ਅਕਾਲੀ ਲਹਿਰ ਸਰਬੱਤ ਦੇ ਭਲੇ ਦੀ ਖਾਤਰ ਧਰਮ ਦੇ ਰਸਤੇ ਉਪਰ ਚੱਲਦਿਆਂ ਸਿੱਖ ਰਾਜ ਦੀ ਦੁਬਾਰਾ ਬਹਾਲੀ ਅਤੇ ਇੰਡੀਆ ਵਿਚ ਸਭ ਕੌਮਾਂ ਅਤੇ ਪਹਿਚਾਣਾਂ ਨੂੰ ਉਹਨਾਂ ਦਾ ਬਣਦਾ ਰਾਜ ਪ੍ਰਬੰਧ ਦਾ ਹੱਕ ਦਬਾਉਣ ਲਈ ਲੜੀ ਗਈ ਸੀ।ਪੂਰੇ ਪੰਜਾਬ ਅਤੇ ਖਾਸ ਕਰ ਦੁਆਬੇ ਦੇ ਇਲਾਕੇ ਵਿਚ ਸਰਗਰਮ ਰਹੀ ਇਸ ਲਹਿਰ ਦਾ ਪਿਛਲੇ ਦਿਨੀਂ ਦੁਆਬੇ ਦੀ ਧਰਤੀ ਤੇ ੧੦੦ ਸਾਲਾ ਸਥਾਪਨਾ ਦਿਵਸ ਮਨਾਇਆ ਗਿਆ।

ਬੱਬਰ ਅਕਾਲੀ ਕਹਾਉਣ ਵਾਲੇ ਇਸ ਜਥੇ ਦੇ ਸਿੰਘ ਪੂਰਨ ਗੁਰਸਿੱਖ ਸਨ, ਜਿਹਨਾਂ ਵਿਚੋਂ ਜ਼ਿਆਦਾਤਰ ਪਹਿਲਾਂ ਅੰਗਰੇਜ਼ੀ ਸਰਕਾਰ ਵਿਚ ਸਿੱਖ ਫੌਜੀਆਂ ਵਜੋਂ ਭਰਤੀ ਹੋਏ ਸਨ। ਸਾਕਾ ਨਨਕਾਣਾ ਸਾਹਿਬ ਅਤੇ ਉਸਤੋਂ ਬਾਅਦ ਗੁਰੂ ਕੇ ਬਾਗ ਦੇ ਮੋਰਚੇ ਵੇਲੇ ਸਿੰਘਾਂ ਦੀਆਂ ਹੋਈਆਂ ਸ਼ਹੀਦੀਆਂ ਅਤੇ ਸ਼ਾਂਤਮਈ ਸਿੱਖਾਂ 'ਤੇ ਹੁੰਦੇ ਜ਼ੁਲਮਾਂ ਖਿਲਾਫ਼ ਭਾਈ ਕਿਸ਼ਨ ਸਿੰਘ ਗੜਗੱਜ ਅਤੇ ਭਾਈ ਦੌਲਤ ਸਿੰਘ ਕਰਮਪੁਰ ਨੇ ਸੰਘਰਸ਼ ਨੂੰ ਹਥਿਆਰਬੰਦ ਕਰਕੇ ਅੰਗਰੇਜ਼ਾਂ ਖਿਲਾਫ ਬਗਾਵਤ ਕਰਨ ਦਾ ਸੱਦਾ ਦਿੱਤਾ। ਜਥੇ ਬਣਾਉਣ ਤੋਂ ਬਾਅਦ ਬੱਬਰ ਅਕਾਲੀਆਂ ਨੇ ਅੰਗਰੇਜ਼ ਸਰਕਾਰ ਵਿਰੁੱਧ ਲਗਾਤਾਰ ਪ੍ਰਚਾਰ ਕਰਕੇ ਲੋਕਾਂ ਨੂੰ ਸਰਕਾਰ ਵਿਰੁਧ ਸੰਘਰਸ਼ ਕਰਨ ਲਈ ਪ੍ਰੇਰਿਤ ਕੀਤਾ।

ਪ੍ਰਚਾਰ ਵਿਚ ਬੱਬਰ ਅਕਾਲੀ ਲੋਕਾਂ ਨੂੰ ਖਾਲਸਾ ਰਾਜ ਦੀ ਯਾਦ ਦੁਆਉਂਦੇ ਸਨ ਅਤੇ ਅੰਗਰੇਜ਼ੀ ਸਰਕਾਰ ਦੇ ਜ਼ੁਲਮਾਂ ਨੂੰ ਬੇਪਰਦ ਕਰਦੇ ਸਨ। ਇਸ ਪ੍ਰਚਾਰ ਦੇ ਸਦਕੇ ਲੋਕਾਂ ਵਿਚ ਅੰਗਰੇਜ਼ੀ ਰਾਜ ਪ੍ਰਤੀ ਲਗਾਅ ਘਟ ਗਿਆ ਅਤੇ ਸਰਕਾਰ ਨੇ ਬੱਬਰਾਂ ਵਿਰੁੱਧ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ।

ਜ਼ਮੀਨੀ ਪੱਧਰ 'ਤੇ ਜੁਝਾਰੂ ਸਰਗਰਮੀ ਕਰਦਿਆਂ ਇਹਨਾਂ ਸਿੰਘਾਂ ਨੇ ਅੰਗਰੇਜ਼ ਹਕੂਮਤ ਨਾਲ ਮਿਲੇ ਜੈਲਦਾਰ, ਨੰਬਰਦਾਰਾਂ, ਪਟਵਾਰੀਆਂ ਅਤੇ ਮੁਖਬਰ ਨੂੰ ਲੁੱਟ ਕੇ ਜਥੇ ਦੇ ਖਰਚੇ ਲਈ ਖਜ਼ਾਨੇ ਪੂਰੇ ਕੀਤੇ ਅਤੇ ਇਹਨਾਂ ਦੀ ਅਲਖ ਮੁਕਾ ਕੇ ਹਕੂਮਤ ਦੇ ਦਿਲ ਵਿੱਚ ਦਹਿਲ ਪਾ ਦਿੱਤਾ। ਗੁਰੂ ਕੇ ਬਾਗ ਮੋਰਚੇ ਦੇ ਮੁੱਖ ਦੋਸ਼ੀ ਅਫਸਰ ਬੀ.ਟੀ. ਨੂੰ ਅਤੇ ਵਿਦੇਸ਼ ਦੀ ਧਰਤੀ ਉਪਰ ਦੋਸ਼ੀ ਅੰਗਰੇਜ਼ ਅਫਸਰਾਂ ਨੂੰ ਵੀ ਬੱਬਰ ਅਕਾਲੀਆਂ (ਸ਼ਹੀਦ ਊਧਮ ਸਿੰਘ) ਨੇ ਸਬਕ ਸਿਖਾ ਕੇ ਸਿੱਖੀ ਅਣਖ ਦੀਆਂ ਹਕੂਮਤ ਨੂੰ ਝਲਕਾਂ ਵਿਖਾਈਆਂ।



ਇੱਕ ਅਜਿਹਾ ਸਮਾਂ ਵੀ ਦੁਆਬੇ ਵਿਚ ਆਇਆ ਜਦੋਂ ਅੰਗਰੇਜ਼ੀ ਸਰਕਾਰ ਇਹ ਵਿਚਾਰ ਕਰਨ ਲੱਗੀ ਕਿ ਹਕੂਮਤ ਦੀ ਮਰਜ਼ੀ ਨਾ ਚੱਲਣ ਕਰਕੇ ਦੁਆਬੇ ਨੂੰ ਰਿਆਸਤ ਕਪੂਰਥਲਾ ਵਿਚ ਹੀ ਜੋੜ ਦਿੱਤਾ ਜਾਣਾ ਚਾਹੀਦਾ ਹੈ।

ਬੱਬਰ ਅਕਾਲੀਆਂ ਨੇ ਲੋਕਾਂ ਨੂੰ ਹਕੂਮਤ ਤੋਂ ਭੈਅ ਰਹਿਤ ਕਰ ਦਿੱਤਾ ਸੀ। ਭਾਵੇਂ ਕਿ ਬੱਬਰ ਅਕਾਲੀ ਲਹਿਰ ਇੱਕ ਦਹਾਕਾ ਤੱਕ ਚੱਲਦੀ ਰਹੀ ਪਰ ਦੋ ਸਾਲ ਦੁਆਬੇ ਵਿੱਚ ਬੱਬਰ ਅਕਾਲੀਆਂ ਦਾ ਪੂਰਾ ਜ਼ੋਰ ਰਿਹਾ।

ਹਥਿਆਰਬੰਦ ਜੱਦੋ-ਜਹਿਦ ਵਾਲੀ ਇਸ ਲਹਿਰ ਨੇ ਫਿਰੰਗੀ ਹਕੂਮਤ ਦੇ ਮਨ ਵਿਚ ਖੌਫ ਅਤੇ ਤਰਥੱਲੀ ਮਚਾ ਦਿੱਤੀ ਸੀ। ਬੱਬਰ ਅਕਾਲੀਆਂ ਯੋਧਿਆਂ ਨੂੰ 1947 ਦੇ ਸੱਤਾ ਤਬਾਦਲੇ ਤੋਂ ਬਾਅਦ ਲਿਖੇ ਗਏ ਇਤਿਹਾਸ ਵਿਚ ਬਣਦੀ ਥਾਂ ਨਹੀਂ ਦਿੱਤੀ ਗਈ।

ਦੋਆਬੇ ਦੇ ਪੰਥ ਸੇਵਕਾਂ ਦੇ ਉੱਦਮ ਸਦਕਾ ਇੱਕ ਸਦੀ ਬਾਅਦ ਇਹਨਾਂ ਬੱਬਰ ਅਕਾਲੀਆਂ ਦੇ ਪਰਿਵਾਰਾਂ ਅਤੇ ਇਹਨਾਂ ਦੇ ਪਿੰਡਾਂ ਨੂੰ ਸਨਮਾਨ ਦਿੱਤਾ ਗਿਆ।ਆਓ ਇੱਕ ਸਦੀ ਬਾਅਦ ਅਰਦਾਸ ਕਰੀਏ ਕਿ ਸੱਚੇ ਪਾਤਿਸਾਹ ਸਾਨੂੰ ਆਪਣੇ ਸ਼ਹੀਦਾਂ ਨੂੰ ਯਾਦ ਰੱਖਣ ਅਤੇ ਉਹਨਾਂ ਦੀ ਪੈੜ ਵਿਚ ਪੈੜ ਰੱਖਣ ਦਾ ਬਲ ਬਖਸ਼, ਜੋ ਪੂਰਨੇ ਉਹ ਪਾ ਗਏ ਅਸੀਂ ਉਹਨਾਂ ਦੀਆਂ ਕਥਾਵਾਂ ਆਪਣੀ ਅਗਲੀ ਪੀੜ੍ਹੀ ਨੂੰ ਸੁਣਾਈਏ।

# ਕਸ਼ਮੀਰੀ ਆਗੂਆਂ ਨੇ ਪਾਕਿ ਦੇ ਫੌਜ ਮੁਖੀ ਦੇ ਬਿਆਨ ਦਾ ਕੀਤਾ ਸਵਾਗਤ

ਸ੍ਰੀਨਗਰ:- ਸਰਬ ਪਾਰਟੀ ਹੁਰੀਅਤ ਕਾਨਫਰੰਸ ਨੇ ਕਸ਼ਮੀਰ 'ਤੇ ਪਾਕਿਸਤਾਨੀ ਫੌਜ ਮੁਖੀ ਜਨਰਲ ਅਸੀਮ ਮੁਨੀਰ ਦੇ ਬਿਆਨ ਦਾ ਸਵਾਗਤ ਕੀਤਾ ਹੈ ਅਤੇ ਇਸ ਨੂੰ ਦੱਬੇ-ਕੁਚਲੇ ਕਸ਼ਮੀਰੀਆਂ ਲਈ ਉਮੀਦ ਦੀ ਨਵੀਂ ਕਿਰਨ ਕਰਾਰ ਦਿੱਤਾ ਹੈ।ਸਰਬ ਪਾਰਟੀ ਹੁਰੀਅਤ ਕਾਨਫਰੰਸ ਬੁਲਾਰੇ ਨੇ ਸ੍ਰੀਨਗਰ ਵਿੱਚ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਜਨਰਲ ਅਸੀਮ ਮੁਨੀਰ ਦੇ ਭਾਰਤ ਨੂੰ ਮਜ਼ਬੂਤ ਅਤੇ ਸਪੱਸ਼ਟ ਸੰਦੇਸ਼ ਨੇ ਕਸ਼ਮੀਰੀ ਲੋਕਾਂ ਦਾ ਮਨੋਬਲ ਵਧਾਇਆ ਹੈ।"ਜੰਮੂ ਅਤੇ ਕਸ਼ਮੀਰ ਇੱਕ ਵਿਵਾਦਿਤ ਇਲਾਕਾ ਹੈ ਅਤੇ ਭਾਰਤ ਨੇ ਫੌਜੀ ਤਾਕਤ ਦੇ ਜ਼ੋਰ ਨਾਲ ਇਸ ਉੱਤੇ ਕਬਜ਼ਾ ਕੀਤਾ ਹੋਇਆ ਹੈ", ਉਸਨੇ ਕਿਹਾ ਅਤੇ ਕਿਹਾ ਕਿ ਕਸ਼ਮੀਰੀ ਲੋਕ ਸਵੈ-ਨਿਰਣੇ ਦੇ ਅਧਿਕਾਰ ਲਈ ਆਪਣੇ ਸੰਘਰਸ਼ ਨੂੰ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਦੇ ਵਿਰੁੱਧ ਜਾਰੀ ਰੱਖਣਗੇ।

ਸਰਬ ਪਾਰਟੀ ਹੁਰੀਅਤ ਕਾਨਫਰੰਸ ਦੇ ਕਨਵੀਨਰ ਮਹਿਮੂਦ ਅਹਿਮਦ ਸਾਗਰ ਅਤੇ ਏਜਾਜ਼ ਰਹਿਮਾਨੀ, ਜ਼ਾਹਿਦ ਅਸ਼ਰਫ, ਸ਼ੇਖ ਯਾਕੂਬ, ਇਮਤਿਆਜ਼ ਵਾਨੀ ਅਤੇ ਮਨਜ਼ੂਰ ਅਹਿਮਦ ਸ਼ਾਹ ਸਮੇਤ ਹੋਰ ਨੇਤਾਵਾਂ ਨੇ ਵੀ ਜਨਰਲ ਆਸਿਮ ਮੁਨੀਰ ਦੇ ਬਿਆਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਵਿੱਚ ਭਾਰਤੀ ਅੱਤਿਆਚਾਰ ਆਜ਼ਾਦੀ ਦੇ ਚੱਲ ਰਹੇ ਸੰਘਰਸ਼ ਨੂੰ ਨਹੀਂ ਰੋਕ ਸਕਦੇ।

ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਕਸ਼ਮੀਰੀਆਂ ਨੂੰ ਹਰ ਪਾਸਿਓਂ ਘੇਰ ਕੇ ਨਰਕ ਵਿੱਚ ਪਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਰੀਅਤ ਨੇਤਾਵਾਂ ਅਤੇ ਵਰਕਰਾਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਜਾਂਦੀ ਹੈ, ਕਸ਼ਮੀਰੀ ਲੀਡਰਸ਼ਿਪ ਨੂੰ ਝੂਠੇ ਕੇਸਾਂ ਵਿੱਚ ਗ੍ਰਿਫਤਾਰ ਕੀਤਾ ਜਾਂਦਾ ਹੈ।ਆਗੂਆਂ ਨੇ ਕਿਹਾ ਕਿ ਕੌਮਾਂਤਰੀ ਭਾਈਚਾਰਾ ਆਪਣੇ ਹਿੱਤਾਂ ਲਈ ਮੂਕ ਦਰਸ਼ਕ ਬਣਿਆ ਹੋਇਆ ਹੈ।

# ਕੈਪਟਨ ਦੀ ਧੀ ਜੈਇੰਦਰ ਬਣੀ ਭਾਜਪਾ ਦੀ ਸੂਬਾਈ ਮੀਤ ਪ੍ਰਧਾਨ



ਪਟਿਆਲਾ:-ਭਾਜਪਾ ਵੱਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭਾਜਪਾ ਦੀ ਕੌਮੀ ਕਾਰਜਕਾਰਨੀ ਦਾ ਮੈਂਬਰ ਬਣਾਉਣ ਦੇ ਨਾਲ ਨਾਲ ਉਨ੍ਹਾਂ ਦੀ ਧੀ ਜੈਇੰਦਰ ਕੌਰ ਨੂੰ ਵੀ ਸੂਬਾਈ ਮੀਤ ਪ੍ਰਧਾਨ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਉਹ ਜਾਟ ਮਹਾਸਭਾ ਮਹਿਲਾ ਵਿੰਗ ਦੀ ਸੂਬਾਈ ਪ੍ਰਧਾਨ ਵੀ ਹੈ। ਹਾਲਾਂਕਿ ਕੈਪਟਨ ਤੇ ਉਨ੍ਹਾਂ ਦੀ ਧੀ ਨੇ ਭਾਜਪਾ ਨੂੰ ਚੁਣ ਲਿਆ ਹੈ, ਪਰ ਪਰਨੀਤ ਕੌਰ ਹਾਲੇ ਵੀ ਕਾਂਗਰਸੀ ਸੰਸਦ ਮੈਂਬਰ ਵਜੋਂ ਹੀ ਕਾਰਜਸ਼ੀਲ ਹਨ। ਇੱਥੇ ਜਾਰੀ ਕੀਤੇ ਇੱਕ ਬਿਆਨ ਵਿੱਚ ਭਾਜਪਾ ਲੀਡਰਸ਼ਿਪ ਵੱਲੋਂ ਦਿੱਤੇ ਗਏ ਇਸ ਅਹੁਦੇ ਲਈ ਤਸੱਲੀ ਪ੍ਰਗਟ ਕਰਦਿਆਂ ਜੈਇੰਦਰ ਕੌਰ ਨੇ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਦਾ ਪ੍ਰਣ ਲਿਆ।


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

**ਦਸੰਬਰ ਮਹੀਨੇ ਦੇ ਪ੍ਰੋਗਰਾਮ**

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ 3 ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ:
1. ਮਾਤਾ ਗੁਜਰੀ ਜੀ ਦੀ ਯਾਦ ਵਿਚ ਸੇਵਾਦਾਰ ਬੀਬੀਆਂ ਵੱਲੋਂ
2. ਭਾਈ ਬਲਜੀਤ ਸਿੰਘ ਰੰਧਾਵਾ ਪਰਿਵਾਰ ਵੱਲੋਂ 3. ਭਾਈ ਹਰਸਿਮਰਨਜੀਤ ਸਿੰਘ ਪਰਿਵਾਰ ਵੱਲੋਂ
ਇਹ ਤਿੰਨੇ ਅਖੰਡਪਾਠ ਸਾਹਿਬ 9 ਦਸੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 11 ਦਸੰਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।



*10 ਦਸੰਬਰ ਦਿਨ ਸ਼ਨਿਚਰਵਾਰ ਨੂੰ ਕਾਕਾ ਮਨੀਸ਼ ਅਤੇ ਬੱਚੀ ਹਰਮਨ ਦਾ ਅਨੰਦਕਾਰਜ ਹੋਵੇਗਾ।
*10 ਦਸੰਬਰ ਦਿਨ ਸ਼ਨਿਚਰਵਾਰ ਸ਼ਾਮ ਨੂੰ 3 ਪਰਿਵਾਰਾਂ ਵੱਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ:
1. ਭਾਈ ਰਾਜਿੰਦਰ ਸਿੰਘ ਬਰਾੜ ਪਰਿਵਾਰ 2. ਭਾਈ ਸੁਖਵਿੰਦਰ ਸਿੰਘ ਪਰਿਵਾਰ 3. ਬੀਬੀ ਨਵਰੀਤ ਕੌਰ ਪਰਿਵਾਰ ਵੱਲੋਂ
*11 ਦਸੰਬਰ ਦਿਨ ਐਤਵਾਰ ਨੂੰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਜਸਕਰਨ ਸਿੰਘ ਪਰਿਵਾਰ ਵੱਲੋਂ 2. ਭਾਈ ਜਗਰੂਪ ਸਿੰਘ ਪਰਿਵਾਰ ਵੱਲੋਂ ਬੱਚੇ ਤਨਵੀਰ ਸਿੰਘ ਗਿੱਲ ਦੇ ਜਨਮ ਦਿਨ ਦੀ ਖੁਸ਼ੀ ਵਿਚ
*11 ਦਸੰਬਰ ਦਿਨ ਐਤਵਾਰ ਦੁਪਹਿਰ 12.30 ਵਜੇ ਸਵ. ਚਰਨਜੀਤ ਸਿੰਘ ਸੰਧੂ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਗੁਰੂਘਰ ਵਿਖੇ ਦੁਪਹਿਰ 2 ਵਜੇ ਹੋਵੇਗੀ।
*11 ਦਸੰਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਜਸਕਰਨ ਸਿੰਘ ਗਰੇਵਾਲ ਪਰਿਵਾਰ ਵੱਲੋਂ ਆਪਣੇ ਬੇਟੇ ਜੋਰਡਨ ਸਿੰਘ ਗਰੇਵਾਲ ਦੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਕੀਰਤਨੀ ਜਥੇ:ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 778-713-5121, 604-590-3224, ਫੈਕਸ:604-572-3276**

# ਐਸ.ਜੀ.ਪੀ.ਸੀ. ਪੰਜਾਬ ਤੇ ਸਿੱਖ ਕੌਮ ਨਾਲ ਸੰਬੰਧਤ ਲੰਮੇ ਸਮੇ ਤੋਂ ਲਟਕਦੇ ਆ ਰਹੇ ਗੰਭੀਰ ਮਸਲਿਆਂ ਬਾਰੇ ਚੁੱਪ ਕਿਉਂ?:ਮਾਨ

ਫ਼ਤਹਿਗੜ੍ਹ ਸਾਹਿਬ- (ਮਨਪ੍ਰੀਤ ਸਿੰਘ ਖਾਲਸਾ):- "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਹਰਜਿੰਦਰ ਸਿੰਘ ਧਾਮੀ ਐਡਵੋਕੇਟ ਅਤੇ ਸਮੁੱਚੇ ਅਗਜੈਕਟਿਵ ਮੈਬਰਾਂ ਵੱਲੋਂ ਜੋ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਤੋਂ ਲੰਮੇ ਸਮੇ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਜੋ ਮੁਲਕੀ ਪੱਧਰ ਤੇ ਦਸਤਖ਼ਤੀ ਮੁਹਿੰਮ ਦੀ ਸੁਰੂਆਤ ਕੀਤੀ ਗਈ ਹੈ, ਇਹ ਕੀਤਾ ਜਾ ਰਿਹਾ ਉਦਮ ਤਾਂ ਠੀਕ ਹੈ, ਪਰ ਜੋ ਬਹੁਤ ਲੰਮੇ ਸਮੇ ਤੋਂ ਪੰਜਾਬ ਸੂਬੇ ਅਤੇ ਸਿੱਖ ਕੌਮ ਨਾਲ ਸੰਬੰਧਤ ਗੰਭੀਰ ਮਸਲੇ ਜਿਊ ਦੇ ਤਿਊ ਖੜ੍ਹੇ ਹਨ ਅਤੇ ਜਿਨ੍ਹਾਂ ਨੂੰ ਇਨ੍ਹਾਂ ਦੇ ਸਿਆਸੀ ਆਕਾਵਾਂ ਨੇ ਪੰਜਾਬ ਦੀ ਹਕੂਮਤ ਉਤੇ ਬੈਠਿਆ ਕਦੀ ਵੀ ਨਾ ਤਾਂ ਸੰਜੀਦਗੀ ਨਾਲ ਲਿਆ ਹੈ ਅਤੇ ਨਾ ਹੀ ਉਨ੍ਹਾਂ ਮਸਲਿਆ ਦਾ ਹੱਲ ਕੀਤਾ ਹੈ, ਉਨ੍ਹਾਂ ਸੰਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਸਿੱਖ ਕੌਮ ਦੀ ਇਕੋ ਇਕ ਵਾਹਿਦ ਧਾਰਮਿਕ ਸੰਸਥਾਂ ਹੈ । ਉਸ ਵੱਲੋਂ ਇਨ੍ਹਾਂ ਮਸਲਿਆ ਸੰਬੰਧੀ ਚੁੱਪੀ ਕਿਉਂ ਧਾਰੀ ਹੋਈ ਹੈ ? ਉਨ੍ਹਾਂ ਸੰਬੰਧੀ ਇਸ ਤਰ੍ਹਾਂ ਦਾ ਵੱਡਾ ਪ੍ਰੋਗਰਾਮ ਕਿਉਂ ਨਹੀ ਕੀਤਾ ਜਾ ਰਿਹਾ ?"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ. ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੌਜੂਦਾ ਐਸ.ਜੀ.ਪੀ.ਸੀ. ਉਤੇ ਕੰਮ ਕਰ ਰਹੇ ਇਸ ਸੰਸਥਾਂ ਦੇ ਪ੍ਰਧਾਨ ਡਾ. ਹਰਜਿੰਦਰ ਸਿੰਘ ਧਾਮੀ ਐਡਵੋਕੇਟ ਅਤੇ ਸਮੁੱਚੇ ਅਗਜੈਕਟਿਵ ਮੈਬਰਾਨ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੁਰੂ ਕੀਤੀ ਦਸਤਖ਼ਤੀ ਮੁਹਿੰਮ ਨੂੰ ਸਹੀ ਕਰਾਰ ਦਿੰਦੇ ਹੋਏ ਅਤੇ ਬਾਕੀ ਪੰਜਾਬ ਤੇ ਸਿੱਖ ਕੌਮ ਨਾਲ ਸੰਬੰਧਤ ਲੰਮੇ ਸਮੇ ਤੋ ਲਟਕਦੇ ਆ ਰਹੇ ਗੰਭੀਰ ਮਸਲਿਆ ਸੰਬੰਧੀ ਧਾਰੀ ਜਾਂਦੀ ਆ ਰਹੀ ਚੁੱਪੀ ਉਤੇ ਪੰਜਾਬੀਆਂ ਤੇ ਸਿੱਖ ਕੌਮ ਦੀ ਕਚਹਿਰੀ ਵਿਚ ਖੜ੍ਹਾ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ 2015 ਤੋਂ ਅਨੇਕਾ ਵਾਰ ਵੱਖ-ਵੱਖ ਸਥਾਨਾਂ ਉਤੇ ਸਾਜਸੀ ਢੰਗ ਨਾਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਕੜੇ ਵਾਰ ਬੇਅਬਦੀਆਂ ਹੋ ਚੁੱਕੀਆ ਹਨ । ਇਸਦੇ ਇਨਸਾਫ਼ ਲਈ ਬਹਿਬਲ ਕਲਾਂ ਵਿਖੇ ਅਮਨਮਈ ਢੰਗ ਨਾਲ ਰੋਸ ਕਰ ਰਹੇ ਸਿੱਖਾਂ ਉਤੇ ਗੋਲੀਆਂ ਚਲਾਕੇ ਉਸ ਸਮੇਂ ਦੀ ਬਾਦਲ ਸਰਕਾਰ ਦੇ ਹੁਕਮਾਂ ਉਤੇ ਡੀਜੀਪੀ ਸੁਮੇਧ ਸੈਣੀ ਵੱਲੋ ਦੋ ਸਿੱਖਾਂ ਸ਼ਹੀਦ ਭਾਈ ਗੁਰਜੀਤ ਸਿੰਘ, ਸ਼ਹੀਦ ਭਾਈ ਕ੍ਰਿਸ਼ਨ ਭਗਵਾਨ ਸਿੰਘ ਨੂੰ ਮੌਤ ਦੇ ਮੂੰਹ ਵਿਚ ਧਕੇਲ ਦਿੱਤਾ ਸੀ ਅਤੇ ਅਨੇਕਾ ਨੂੰ ਜਖ਼ਮੀ ਕਰ ਦਿੱਤਾ ਸੀ।ਉਨ੍ਹਾਂ ਕਤਲਾਂ ਦੇ ਦੋਸ਼ੀ ਪੁਲਿਸ ਅਧਿਕਾਰੀਆਂ ਅਤੇ ਸਿਆਸਤਦਾਨਾਂ ਨੂੰ ਗ੍ਰਿਫ਼ਤਾਰ ਕਰਵਾਕੇ ਸਜਾਵਾਂ ਕਿਉਂ ਨਹੀਂ ਦਿਵਾਈਆ ਜਾ ਰਹੀਆ ? ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਕੀਤੇ ਗਏ 328 ਪਾਵਨ ਸਰੂਪਾਂ ਦੇ ਦੋਸ਼ੀਆਂ ਨੂੰ ਸਾਹਮਣੇ ਕਿਉਂ ਨਹੀ ਲਿਆਂਦਾ ਜਾ ਰਿਹਾ ਅਤੇ ਲਾਪਤਾ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਲਕੇ ਸੁਰੱਖਿਅਤ ਕਰਨ ਦੀ ਜ਼ਿੰਮੇਵਾਰੀ ਕਿਉਂ ਨਹੀ ਨਿਭਾਈ ਜਾ ਰਹੀ ? ਕੰਵਰ ਨੌਨਿਹਾਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਵੱਲੋ ਜੋ ਤਰਨਤਾਰਨ ਵਿਖੇ ਦਰਸ਼ਨੀ ਡਿਊੜ੍ਹੀ ਬਹੁਤ ਪਹਿਲੇ ਖੁਦ ਤਿਆਰ ਕਰਵਾਈ ਗਈ ਸੀ, ਉਸਨੂੰ ਕਾਰ ਸੇਵਾ ਵਾਲੇ ਬਾਬਾ ਜਗਤਾਰ ਸਿੰਘ ਨੂੰ ਲਿਖਤੀ ਸੇਵਾ ਦੇ ਕੇ ਅਤੇ ਮਤਾ ਪਾਸ ਕਰਕੇ ਗਿਰਾਉਣ ਦੇ ਹੁਕਮ ਕਿਸ ਵੱਲੋ ਕੀਤੇ ਗਏ ਸਨ, ਉਸ ਸੱਚ ਤੋ ਸਿੱਖ ਕੌਮ ਨੂੰ ਜਾਣੂ ਕਰਵਾਉਣ ਅਤੇ ਇਸਦੇ ਦੋਸ਼ੀਆਂ ਨੂੰ ਸਿੱਖ ਰਵਾਇਤਾ ਅਨੁਸਾਰ ਸਜਾਵਾਂ ਦੇਣ ਦਾ ਪ੍ਰਬੰਧ ਕਿਉਂ ਨਹੀ ਕੀਤਾ ਜਾ ਰਿਹਾ? ਐਸ.ਜੀ.ਪੀ. ਸੀ. ਦੇ ਅਧੀਨ ਜੋ ਵਿਦਿਅਕ ਅਤੇ ਸਿਹਤਕ ਅਦਾਰੇ ਕੌਮੀ ਖਜਾਨੇ ਵਿਚੋ ਬਣੇ ਹਨ, ਉਨ੍ਹਾਂ ਨੂੰ ਨਿੱਜੀ ਹੱਥਾਂ ਵਿਚ ਦੇ ਕੇ ਟਰੱਸਟ ਬਣਾਕੇ ਹੁੰਦੀ ਆ ਰਹੀ ਲੁੱਟ ਬੰਦ ਕਿਉਂ ਨਹੀ ਕਰਵਾਈ ਜਾ ਰਹੀ ? ਐਸ.ਜੀ.ਪੀ.ਸੀ. ਦੇ ਗੁਰੂਘਰਾਂ ਦੀਆਂ ਜ਼ਮੀਨਾਂ ਬਜਾਰੂ ਕੀਮਤ ਤੋ ਘੱਟ ਆਪਣੇ ਚੇਹਤਿਆ ਤੇ ਪਰਿਵਾਰਿਕ ਮੈਬਰਾਂ ਨੂੰ ਦੇ ਕੇ ਕੌਮੀ ਖਜਾਨੇ ਤੇ ਕੌਮੀ ਜਾਇਦਾਦਾਂ ਦੀ ਲੁੱਟ ਕਰਵਾਉਣ ਲਈ ਕੌਣ ਜ਼ਿੰਮੇਵਾਰ ਹੈ ? ਐਸ.ਜੀ.ਪੀ.ਸੀ. ਵਿਚ ਦੇਸ਼ੀ ਘਿਓ ਦੇ ਪੀਪਿਆ, ਸਿਰਪਾਓ, ਚੰਦੋਆ ਸਾਹਿਬਾਨ, ਇਮਾਰਤੀ ਸਾਜੋ-ਸਮਾਨ ਦੀ ਖਰੀਦ ਵਿਚ ਹੁੰਦੇ ਆ ਰਹੇ ਘਪਲਿਆ ਦੇ ਸੱਚ ਨੂੰ ਸਾਹਮਣੇ ਕਿਉਂ ਨਹੀ ਲਿਆਂਦਾ ਜਾ ਰਿਹਾ? ਜੋ ਮੁਲਾਜਮ ਜਾਂ ਅਧਿਕਾਰੀ ਅਜਿਹੇ ਘਪਲਿਆ ਲਈ ਜ਼ਿੰਮੇਵਾਰ ਹਨ, ਉਨ੍ਹਾਂ ਨੂੰ ਗੁਰੂਘਰਾਂ ਵਿਚੋ ਲਾਂਭੇ ਕਿਉਂ ਨਹੀ ਕੀਤਾ ਜਾ ਰਿਹਾ ? ਐਸ.ਜੀ.ਪੀ.ਸੀ. ਦੀਆਂ ਜਰਨਲ ਚੋਣਾਂ ਜੋ ਬੀਤੇ 11 ਸਾਲਾਂ ਤੋ ਨਹੀ ਹੋ ਰਹੀਆ, ਉਨ੍ਹਾਂ ਨੂੰ ਕਰਵਾਉਣ ਲਈ ਸੈਟਰ ਦੀ ਮੋਦੀ ਹਕੂਮਤ ਅਤੇ ਗ੍ਰਹਿ ਵਿਭਾਗ ਨੂੰ ਸੰਪਰਕ ਬਣਾਕੇ ਜ਼ਿੰਮੇਵਾਰੀ ਕਿਉਂ ਨਹੀ ਪੂਰੀ ਕੀਤੀ ਜਾ ਰਹੀ ? ਪੰਜਾਬ ਦੇ ਅਹਿਮ ਮੁੱਦਿਆ ਬਿਜਲੀ, ਦਰਿਆਵਾ ਦੇ ਪਾਣੀਆ, ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕਿਆ, ਭਾਖੜਾ ਬਿਆਸ ਮੈਨੇਜਮੈਟ ਬੋਰਡ ਦੇ ਪੰਜਾਬ ਦੇ ਅਧਿਕਾਰਾਂ, ਪੰਜਾਬੀ ਬੋਲੀ ਨੂੰ ਲਾਗੂ ਕਰਨ, ਚੰਡੀਗੜ੍ਹ ਵਿਚ ਪੰਜਾਬ ਦੇ ਕੋਟੇ ਦੇ ਅਨੁਸਾਰ ਅਫਸਰਾਨ ਤੇ ਮੁਲਾਜਮਾਂ ਦੀ ਭਰਤੀ ਸੰਬੰਧੀ ਦ੍ਰਿੜਤਾ ਨਾਲ ਸਟੈਂਡ ਲੈਣ ਤੋ ਪਿੱਠ ਕਿਉਂ ਦਿਖਾਈ ਜਾ ਰਹੀ ਹੈ ?

ਉਨ੍ਹਾਂ ਕਿਹਾ ਕਿ ਇਹ ਠੀਕ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਵੀ ਗੰਭੀਰ ਹੈ, ਪਰ ਉਪਰੋਕਤ ਵਰਣਨ ਕੀਤੇ ਗਏ ਲੰਮੇ ਸਮੇ ਤੋ ਲਟਕਦੇ ਆ ਰਹੇ ਧਾਰਮਿਕ, ਕੌਮੀ ਤੇ ਸਿਆਸੀ ਮਸਲਿਆ ਉਤੇ ਸਿੱਖ ਕੌਮ ਦੀ ਧਾਰਮਿਕ ਸੰਸਥਾਂ ਦੇ ਪ੍ਰਧਾਨ ਤੇ ਅਗਜੈਕਟਿਵ ਘਸੇਲ ਕਿਉਂ ਮਾਰੀ ਬੈਠੀ ਹੈ?ਇਕ ਮੁੱਦੇ ਉਤੇ ਗੱਲ ਕਰਕੇ ਸਿਆਸੀ ਤੌਰ ਤੇ ਪੰਜਾਬੀਆਂ ਤੇ ਸਿੱਖ ਕੌਮ ਵਿਚ ਸਾਖ ਗੁਆ ਚੁੱਕੇ ਬਾਦਲ ਦਲੀਆ ਨੂੰ ਅਤੇ ਬਾਦਲ ਪਰਿਵਾਰ ਨੂੰ ਇਹ ਐਸ.ਜੀ.ਪੀ.ਸੀ. ਅਧਿਕਾਰੀ ਹੁਣ ਸਿੱਖ ਕੌਮ ਦੇ ਦੋਸੀ ਹੋਣ ਨਹੀ ਬਚਾਅ ਸਕਣਗੇ । ਜੇਕਰ ਉਹ ਸਹੀ ਮਾਇਨਿਆ ਵਿਚ ਸਿੱਖ ਕੌਮ ਦੀ ਧਾਰਮਿਕ ਤੌਰ ਤੇ ਨੁਮਾਇੰਦਗੀ ਕਰਨ ਦੀਆਂ ਜ਼ਿੰਮੇਵਾਰੀਆ ਨੂੰ ਸਮਝਦੇ ਹਨ ਤਾਂ ਇਸ ਦਸਤਖਤੀ ਮੁਹਿੰਮ ਦੇ ਨਾਲ-ਨਾਲ ਇਨ੍ਹਾਂ ਮੁੱਦਿਆ ਉਤੇ ਵੀ ਦ੍ਰਿੜਤਾ ਤੇ ਇਮਾਨਦਾਰੀ ਨਾਲ ਬੋਲਣ ਅਤੇ ਅਮਲ ਕਰਨ ਵਰਨਾ ਇਨ੍ਹਾਂ ਦਾ ਉਪਰੋਕਤ ਮੁੱਦਾ ਵੀ ਬਾਦਲ ਪਰਿਵਾਰ ਦੇ ਸਿਆਸੀ ਮਕਸਦਾਂ ਦੀ ਪੂਰਤੀ ਕਰਨ ਵਾਲਾ ਹੀ ਕੌਮ ਵਿਚ ਮੰਨਿਆ ਜਾਵੇਗਾ।

## ਮਹਾਰਾਸ਼ਟਰ ਵਿਚ ਹਿੰਦੂ ਭੀੜ ਨੇ ਮੁਸਲਿਮ ਵਿਅਕਤੀ ਦੀ ਕੁੱਟਮਾਰ ਕੀਤੀ



ਨਵੀਂ ਦਿੱਲੀ:ਮਹਾਰਾਸ਼ਟਰ ਦੇ ਨਾਲਸੋਪਾਰਾ ਇਲਾਕੇ 'ਚ ਹਿੰਦੂ ਭੀੜ ਨੇ ਇਕ ਮੁਸਲਿਮ ਵਿਅਕਤੀ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ।ਸੋਸ਼ਲ ਮੀਡੀਆ 'ਤੇ ਇਕ ਹੈਰਾਨ ਕਰਨ ਵਾਲਾ ਵੀਡੀਓ ਸਾਹਮਣੇ ਆਇਆ ਹੈ ਜਿਸ ਵਿਚ 27 ਸਾਲਾ ਵਿਅਕਤੀ ਦੀ ਪਛਾਣ ਆਦਮ ਖਾਨ ਵਜੋਂ ਹੋਈ ਹੈ, ਜਿਸ ਨੂੰ ਨਾਲਾਸੋਪਾਰਾ ਵਿਚ ਚੋਰੀ ਦੇ ਸ਼ੱਕ ਵਿਚ ਕੁੱਟਿਆ ਗਿਆ ਹੈ। ਪੁਲਿਸ ਨੇ ਕਿਹਾ ਕਿ ਆਦਮ ਖਾਨ ਨੂੰ ਇੱਕ ਦੁਕਾਨ ਤੋਂ ਕੀਮਤੀ ਸਮਾਨ ਚੋਰੀ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ, ਇਹ ਦੋਸ਼ ਅਕਸਰ ਘੱਟ ਗਿਣਤੀ ਪੀੜਤਾਂ, ਜਿਆਦਾਤਰ ਮੁਸਲਮਾਨਾਂ ਅਤੇ ਦਲਿਤਾਂ ਉੱਤੇ ਲਗਾਇਆ ਜਾਂਦਾ ਹੈ।

ਆਦਮ ਖਾਨ ਆਪਣੇ ਪਰਿਵਾਰ ਨਾਲ ਨਾਲਸੋਪਾਰਾ ਦੇ ਸੰਤੋਸ਼ ਭਵਨ ਇਲਾਕੇ 'ਚ ਰਹਿੰਦਾ ਸੀ। ਉਸ ਦੇ ਪਿਤਾ ਸ਼ੇਰ ਮੁਹੰਮਦ ਖਾਨ ਨੇ ਦੱਸਿਆ ਕਿ ਇਹ ਘਟਨਾ 29 ਨਵੰਬਰ ਨੂੰ ਉਸ ਸਮੇਂ ਵਾਪਰੀ ਜਦੋਂ ਪਰਿਵਾਰ ਸੌਂ ਰਿਹਾ ਸੀ ਅਤੇ ਆਦਮ ਘਰ ਤੋਂ ਥੋੜੀ ਦੂਰ ਟਾਇਲਟ ਜਾ ਰਿਹਾ ਸੀ।

"ਜਦੋਂ ਉਹ ਪੈਦਲ ਜਾ ਰਿਹਾ ਸੀ, ਤਾਂ ਮੁਕੇਸ਼ ਦੂਬੇ ਵਜੋਂ ਜਾਣਿਆ ਜਾਂਦਾ ਇੱਕ ਵਿਅਕਤੀ ਅਚਾਨਕ ਸਾਹਮਣੇ ਆਇਆ, ਉਸਨੇ ਐਡਮ ਵੱਲ ਇਸ਼ਾਰਾ ਕੀਤਾ ਅਤੇ "ਚੋਰ ਚੋਰ" ਚੀਕਣਾ ਸ਼ੁਰੂ ਕਰ ਦਿੱਤਾ, ਉਸਨੇ ਕਿਹਾ ਕਿ ਮੁਕੇਸ਼ ਦੂਬੇ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਐਡਮ ਦੇ ਸਿਰ ਅਤੇ ਲੱਤ ਵਿੱਚ ਸੱਟਾਂ ਮਾਰੀਆਂ।ਘਟਨਾ ਦੀ ਵੀਡੀਓ ਕਲਿੱਪ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ, ਜਿਸ 'ਚ ਕੁਝ ਲੋਕ ਲੋਹੇ ਦੀ ਰਾਡ ਨਾਲ ਵਿਅਕਤੀ ਨੂੰ ਕੁੱਟਦੇ, ਮੁੱਕੇ ਮਾਰਦੇ ਅਤੇ ਇੱਥੋਂ ਤੱਕ ਕਿ ਕੁੱਟਦੇ ਵੀ ਨਜ਼ਰ ਆ ਰਹੇ ਹਨ।


**Injured in an accident? ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੌਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca



Mandeep Randhawa,
B.Sc., L.L.B (UBC)

# ਕੈਲੀਫੋਰਨੀਆ ਅਸੈਂਬਲੀ ‘ਚ ਪਹਿਲੀ ਸਿੱਖ ਔਰਤ ਜਸਮੀਤ ਕੌਰ ਬੈਂਸ ਨੇ ਸਹੁੰ ਚੁੱਕ ਕੇ ਸਿਰਜਿਆ ਨਵਾਂ ਇਤਿਹਾਸ



ਸੈਕਰਾਮੈਂਟੋ- ਕੈਲੀਫੋਰਨੀਆ ਦੇ ਅਸੈਂਬਲੀ ਹਲਕਾ ਡਿਸਟ੍ਰਿਕ-35 ਤੋਂ ਸਿੱਖ ਉਮੀਦਵਾਰ ਡਾ. ਜਸਮੀਤ ਕੌਰ ਬੈਂਸ ਨੇ ਚੋਣ ਜਿੱਤ ਕੇ ਅਮਰੀਕਾ ਭਰ ਵਿਚ ਇਕ ਨਵਾਂ ਇਤਿਹਾਸ ਸਿਰਜਿਆ ਹੈ। ਜਿੱਤ ਪ੍ਰਾਪਤ ਕਰਨ ਤੋਂ ਬਾਅਦ ਕੈਲੀਫੋਰਨੀਆ ਸਟੇਟ ਅਸੈਂਬਲੀ ਵਿਚ ਉਸ ਨੇ ਸਹੁੰ ਚੁੱਕ ਲਈ ਹੈ। ਇਸ ਦੌਰਾਨ ਕੈਲੀਫੋਰਨੀਆ ਭਰ ‘ਚ ਜਿੱਤੇ ਅਸੈਂਬਲੀ ਮੈਂਬਰਾਂ ਨੇ ਵੀ ਸਹੁੰ ਚੁੱਕੀ।ਜਸਮੀਤ ਕੌਰ ਬੈਂਸ ਦੇ ਸਹੁੰ ਚੁੱਕ ਸਮਾਗਮ ਦੌਰਾਨ ਕੈਲੀਫੋਰਨੀਆ ਭਰ ਤੋਂ 300 ਦੇ ਕਰੀਬ ਸਿੱਖ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਅਮਰੀਕਾ ਵਿਚ ਪਹਿਲੀ ਸਿੱਖ ਔਰਤ ਨੂੰ ਅਸੈਂਬਲੀ ਮੈਂਬਰ ਬਣਦਿਆਂ ਹੋਇਆਂ ਦੇਖਿਆ। ਸਹੁੰ ਚੁੱਕ ਸਮਾਗਮ ਦੌਰਾਨ ਜਸਮੀਤ ਕੌਰ ਬੈਂਸ ਦੇ ਪਿਤਾ ਦਵਿੰਦਰ ਸਿੰਘ ਬੈਂਸ ਤੋਂ ਇਲਾਵਾ ਉਨ੍ਹਾਂ ਦੀ ਮਾਤਾ ਅਤੇ ਭੈਣ-ਭਰਾ ਵੀ ਸ਼ਾਮਲ ਸਨ। ਜਮਮੀਤ ਕੌਰ ਬੈਂਸ ਨੂੰ ਅਧਿਕਾਰਤ ਤੌਰ ‘ਤੇ ਕੈਲੀਫੋਰਨੀਆ ਕੈਪੀਟਲ ਵਿਚ ਆਪਣਾ ਦਫਤਰ ਅਤੇ ਸਟਾਫ ਮਿਲ ਗਿਆ ਹੈ, ਜਿੱਥੋਂ ਹੁਣ ਜਸਮੀਤ ਕੌਰ ਬੈਂਸ ਅਸੈਂਬਲੀ ਦਾ ਕੋਈ ਵੀ ਕੰਮ ਕਰ ਸਕੇਗੀ।

# ਸੇਬਾਂ ਦੀਆਂ ਪੇਟੀਆਂ ਲੁੱਟਣ ਦਾ ਮਾਮਲਾ ਪੰਜਾਬੀਆਂ ਨੇ ਪੇਸ਼ ਕੀਤੀ ਮਿਸਾਲ



ਫ਼ਤਹਿਗੜ੍ਹ ਸਾਹਿਬ: ਬੀਤੇ ਦਿਨੀਂ ਜੀ.ਟੀ. ਰੋਡ ’ਤੇ ਪੈਂਦੇ ਜ਼ਿਲ੍ਹੇ ਦੇ ਪਿੰਡ ਰਾਜਿੰਦਰਗੜ੍ਹ ਨੇੜੇ ਸੇਬਾਂ ਦਾ ਭਰਿਆ ਟਰੱਕ ਪਲਟਣ ਉਪਰੰਤ ਸੇਬਾਂ ਦੀਆਂ ਪੇਟੀਆਂ ਚੁੱਕ ਕੇ ਲੈ ਜਾਣ ਦੀ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਵੀਡੀਓ ਦੇ ਮਾਮਲੇ ਵਿਚ ਉਦੋਂ ਨਵਾਂ ਮੋੜ ਆਇਆ, ਜਦੋਂ ਦੋ ਪੰਜਾਬੀ ਵਪਾਰੀਆਂ ਪਟਿਆਲਾ ਦੇ ਰਾਜਵਿੰਦਰ ਸਿੰਘ ਤੇ ਮੋਹਾਲੀ ਦੇ ਗੁਰਪ੍ਰੀਤ ਸਿੰਘ ਨੇ ਕਸ਼ਮੀਰ ਦੇ ਵਪਾਰੀ ਮੁਹੰਮਦ ਸ਼ਾਹਿਦ ਦੇ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਉਸ ਨੂੰ 9 ਲੱਖ 12 ਹਜ਼ਾਰ ਦਾ ਚੈੱਕ ਦਿੱਤਾ। ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਦੇ ਯਤਨਾਂ ਸਦਕਾ ਹੋਏ ਇਸ ਘਟਨਾਕ੍ਰਮ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸ਼ਾਖ ਹੋਰ ਨਿਖਰ ਕੇ ਦੁਨੀਆਂ ਦੇ ਸਾਹਮਣੇ ਆਈ ਹੈ। ਜਿਸ ’ਤੇ ਕਸ਼ਮੀਰ ਦੇ ਬਾਰਮੁੱਲਾ ਦੇ ਸੇਬਾਂ ਦੇ ਵਪਾਰੀ ਨੂੰ ਇਹ ਕਹਿਣਾ ਪਿਆ ਕਿ ਪੰਜਾਬੀ ਹਮੇਸ਼ਾਂ ਲੋਕਾਂ ਦੀ ਮਦਦ ਲਈ ਹੀ ਜਾਣੇ ਜਾਂਦੇ ਹਨ।


# ਕਾਕਾ ਮਿਲਨ ਸਿੰਘ ਜੰਡੇ ਨੂੰ ਪਹਿਲਾ ਜਨਮ ਦਿਨ ਮੁਬਾਰਕ



ਰਿਚਮੰਡ (ਬਲਵੰਤ ਸਿੰਘ ਸੰਘੇੜਾ) ਰਿਚਮੰਡ ਸਥਿਤ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਨੰਬਰ 5 ਰੋਡ ਵਿਖੇ 4 ਦਸੰਬਰ ,ਦਿਨ ਐਤਵਾਰ ਨੂੰ ਬੱਚੇ ਮਿਲਨ ਸਿੰਘ ਜੰਡੇ ਦਾ ਪਹਿਲਾ ਜਨਮ ਦਿਨ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ।ਮਿਲਨ ਦੇ ਪਿਤਾ ਰਣਜੀਤ ਸਿੰਘ ਜੰਡਾ, ਮਾਤਾ ਸਿਮਰਨ ਕੌਰ ਜੰਡਾ , ਦਾਦਾ ਜੀ ਦਵਿੰਦਰ ਸਿੰਘ ਜੰਡਾ, ਦਾਦੀ ਜੀ ਜਸਬੀ*ਰ ਕੋਰ ਜੰਡਾ, ਨਾਨਾ ਜੀ ਗੁਰਮੇਲ ਸਿੰਘ ਜਵੰਦਾ, ਨਾਨੀ ਜੀ ਕਰਮਜੀਤ ਕੋਰ ਜਵੰਦਾ ਵਲੋਂ ਇਸ ਖੁਸ਼ੀ ਦੇ ਮੌਕੇ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰ ਦੀ ਸੇਵਾ ਨਿਭਾਈ ਗਈ। ਇਸ ਸ਼ੁਭ ਅਵਸਰ ਉਪਰ ਗੁਰੂ ਘਰ ਦੇ ਕੀਰਤਨੀ ਜਥੇ ਗਿਆਨੀ ਨਵਨੀਤ ਸਿੰਘ, ਗਿਆਨੀ ਹਰਮਨਦੀਪ ਸਿੰਘ ਅਤੇ ਗਿਆਨੀ ਸੁਖਦੇਵ ਸਿੰਘ ਨੇ ਸੰਗਤਾਂ ਨੂੰ ਸੁਖਮਨੀ ਸਾਹਿਬ ਦੇ ਪਾਠ ਅਤੇ ਬਹੁਤ ਹੀ ਮਧੁਰ ਕੀਰਤਨ ਨਾਲ ਨਿਹਾਲ ਕੀਤਾ।ਗਿਆਨੀ ਗੁਰਜੋਤ ਸਿੰਘ ਹੁਰਾਂ ਨੇ ਭੀ ਪੂਰੀ ਸੇਵਾ ਨਿਭਾਈ। ਇਸ ਉਪਰੰਤ ਸੰਗਤਾਂ ਨੇ ਲੰਗਰ ਦਾ ਅਨੰਦ ਮਾਣਿਆ।ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਦਾਸ(ਬਲਵੰਤ ਸਿੰਘ ਸੰਘੇੜਾ)ਨੇ ਮਿਲਨ ਦੇ ਪਹਿਲੇ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ।ਅਸੀਂ ਕਾਕਾ ਮਿਲਨ ਸਿੰਘ ਜੰਡਾ ਦੇ ਜਨਮ ਦਿਨ ਦੀ ਉਸ ਦੇ ਪਿਤਾ, ਮਾਤਾ, ਦਾਦਕਾ ਪਰਿਵਾਰ ਅਤੇ ਨਾਨਕਾ ਪਰਿਵਾਰ ਸਭ ਨੂੰ ਲੱਖ ਲੱਖ ਵਧਾਈ ਦਿੰਦੇ ਹਾਂ। ਸਾਡੀ ਵਾਹਿਗੁਰੂ ਅੱਗੇ ਇਹੀ ਅਰਦਾਸ ਹੈ ਕਿ ਬੱਚੇ ਮਿਲਨ ਦੇ ਸਿਰ ਉੱਪਰ ਹਰ ਵੇਲੇ ਆਪਣਾ ਮੇਹਰ ਭਰਿਆ ਹੱਥ ਰੱਖੇ ਅਤੇ ਇਸ ਨੂੰ ਉੱਚੀ ਵਿਦਿਆ, ਤੰਦਰੁਸਤ ਜੀਵਨ ਅਤੇ ਇਕ ਚੰਗੇ ਸ਼ਹਿਰੀ ਬਨਣ ਦੀ ਸਮਰਥਾ ਬਖਸ਼ੇ।


DHALIWAL GROUP OF COMPANIES







ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ

ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ

ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ

ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ

604-543-2222

Dhaliwal Sweets
2636 Cedar Park Place
Abbotsford
604.852.2345

Dhaliwal Banquet Hall
Surrey
604-598-1165

Dhoom Restaurant
York Centre Surrey
604-543-2222

Dhaliwal Sweets
Surrey
604-596-1312

Dhaliwal Pizza & Bakery
#104-7790-128 St. Surrey
(Near 78th Ave.)
604-598-8889

Dhoom Restaurant
& Bar Vancouver
604-325-4911

Dhaliwal Sweets
Vancouver
604-325-4911

Himalaya Dairy
Surrey
604-543-2421

www.DhoomRestaurant.com


ਮਰਣਾ ਮੁਣਸਾ ਸੂਰਿਆਂ ਹੱਕ ਹੈ ਜੇ ਹੋਇ ਮਰਣ ਪਰਵਾਣੋ

# ਖਾਲਸਾ ਦੀਵਾਨ ਸੁਸਾਇਟੀ ਵਿਖੇ

## 347 Wood St New Westminster


# ਸਾਲਾਨਾ ਸ਼ਹੀਦੀ ਕਾਨਫਰੰਸ



ਸ਼ੇਰ ਸਿੰਘ ਸ਼ੇਰ


ਸਤਪਾਲ ਸਿੰਘ ਢਿਲੋਂ


ਗੁਰਦੀਪ ਸਿੰਘ ਦੀਪਾ ਹੇਰਾਂ


ਲਖਵਿੰਦਰ ਸਿੰਘ



ਡਾ. ਪ੍ਰੀਤਮ ਸਿੰਘ ਸੇਖੋਂ





ਗੁਰਦੀਪ ਸਿੰਘ ਦੀਪਾ


ਕਮਲਜੀਤ ਸਿੰਘ ਪਿੰਡ ਧਨਾਲ


ਅਜਮੇਰ ਸਿੰਘ ਲੋਧੀਵਾਲ


ਸੁਰਿੰਦਰ ਸਿੰਘ ਬਾਈਜੀ


ਭਾਈ ਗੁਰਦੇਵ ਸਿੰਘ ਕਾਉਂਕੇ

ਗੁਰੂ ਪਿਆਰੇ ਖਾਲਸਾ ਜੀ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥
ਸਿੱਖ ਕੌਮ ਦੀਆਂ ਗੁਲਾਮੀ ਦੀਆ ਜ਼ੰਜੀਰਾਂ ਅਤੇ ਬ੍ਰਾਹਮਣਵਾਦੀ ਨਿਜ਼ਾਮ ਤੋਂ ਸਿੱਖ ਕੌਮ ਨੂੰ ਅਜ਼ਾਦੀ ਦਿਵਾਉਣ ਲਈ ਆਪਣੀਆਂ ਕੀਮਤੀ ਜਾਨਾਂ ਵਾਰ ਦੇਣ ਵਾਲੇ ਸੂਰਮਿਆਂ ਦੀ ਯਾਦ ਵਿਚ ਗੁਰਦੁਆਰਾ ਸੁਖ ਸਾਗਰ ਖਾਲਸਾ ਦੀਵਾਨ ਸੁਸਾਇਟੀ ਨਿਊਵੈਸਟ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ।ਆਓ ਇਨ੍ਹਾਂ ਸੂਰਮਿਆਂ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ ਸਮੂੰਹ ਪੰਥਕ ਹਿਤੈਸ਼ੀਆਂ ਨੂੰ ਗੁਰੂ ਘਰ ਹੁੰਮਾ ਹੁਮਾਂ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ

## ਪ੍ਰੋਗਰਾਮ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ . . . 23 ਦਸੰਬਰ 2022 ਦਿਨ ਸ਼ੁੱਕਰਵਾਰ ਸਵੇਰੇ 10 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ . . . . 25 ਦਸੰਬਰ 2022 ਦਿਨ ਐਤਵਾਰ ਸਵੇਰੇ 10 ਵਜੇ**

**ਉਪਰੰਤ ਦੀਵਾਨ ਸਜਣਗੇ ਜਿਸ ਵਿੱਚ ਪੰਥ ਦੇ ਉੱਘੇ ਗੁਣੀ ਗਿਆਨੀ ਸ਼ਹੀਦਾਂ ਸਬੰਧੀ ਸੰਗਤਾਂ ਨੂੰ ਜਾਣਕਾਰੀ ਦੇਣਗੇ।**

**ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

**ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ।**

ਸਾਡਾ ਸੰਘਰਸ਼ ਹੱਕ, ਸੱਚ, ਨਿਆਂ ਅਤੇ ਧਰਮ ਤੇ ਅਧਾਰਤ ਹੈ ਨਾ ਕਿ ਕਿਸੇ ਜਾਤ, ਫਿਰਕੇ ਜਾਂ ਮਜ਼ਹਬ ਦੇ ਖਿਲਾਫ। "ਅਸੀਂ ਭਾਵੇਂ ਚਾਰ ਬੰਦੇ ਕਿਉਂ ਨਾ ਰਹਿ ਜਾਈਏ, ਅਸੀ ਸਿੱਖੀ ਸਿਧਾਂਤ ਨਹੀ ਛੱਡਣੇ।"
- ਸ਼ਹੀਦ ਭਾਈ ਸ਼ੇਰ ਸਿੰਘ ਜੀ ਸ਼ੇਰ

**ਵਧੇਰੇ ਜਾਣਕਾਰੀ ਜਾਂ ਗੁਰੂ ਘਰ ਵਿਖੇ ਪ੍ਰੋਗਰਾਮ ਕਰਵਾਉਣ ਲਈ ਸੰਪਰਕ ਕਰੋ:604-537-8300**

**ਗੁਰੂਘਰ ਦਾ ਫੋਨ: 604-521-3111 ਹਰਭਜਨ ਸਿੰਘ ਅਟਵਾਲ:604-339-1610**

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events







*Dream Catering "Your Venue, Our Food"*

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC Email:info@dreambanquethall.ca

# JSW TRANSPORT LTD.

**Canada & US Customs Bonded Carrier**

Email:info@jswtransport.com

**Looking for Qualified LONG TERM Class1 Drivers & Owner Operators**

**Qualifications and Skills**

*Drivers must have valid class1 driver license *Drivers with work permit can apply too
*Driver must have valid US visa to cross the border *Must be able to take pre-employment drug & alcohal testing screen *6 month over the road experecence but fresh driver also welcome




**Call for more information at 604-595-1555 or Fax:800-556-2026**

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਉਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*07 ਦਸੰਬਰ ਦਿਨ ਬੁੱਧਵਾਰ ਭੋਗ ਸ੍ਰੀ ਸਹਿਜਪਾਠ ਨਮਿਤ ਸਵ. ਗੁਰਬਚਨ ਕੌਰ ਔਜਲਾ, ਅੰਤਿਮ ਅਰਦਾਸ ਦੁਪਹਿਰ 2 ਵਜੇ ਮੇਨ ਹਾਲ ਵਿਖੇ ਹੋਵੇਗੀ।

*08 ਦਸੰਬਰ ਦਿਨ ਵੀਰਵਾਰ ਆਰੰਭ ਸ੍ਰੀ ਸਹਿਜਪਾਠ ਸ. ਕੁਲਜੀਤ ਸਿੰਘ ਸਿੱਧੂ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਆਪਣੇ ਬੇਟੇ ਦੀਦਾਰ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ

*09 ਦਸੰਬਰ ਦਿਨ ਸ਼ੁੱਕਰਵਾਰ ਤੋਂ 11 ਦਸੰਬਰ ਦਿਨ ਐਤਵਾਰ ਤੱਕ ਆਰੰਭ ਸ੍ਰੀ ਅਖੰਡਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਪਿੰਡ ਮੋਹੀ ਦੀ ਸਮੂਹ ਸਾਧ ਸੰਗਤ ਵੱਲੋਂ

*10 ਦਸੰਬਰ ਦਿਨ ਸ਼ਨਿਚਰਵਾਰ ਅਨੰਦ ਕਾਰਜ ਦੀ ਰਸਮ: ਸ. ਗੁਰਸੇਵਕ ਸਿੰਘ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

*10 ਦਸੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਸ. ਗੁਰਸੇਵਕ ਸਿੰਘ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

*11 ਦਸੰਬਰ ਦਿਨ ਐਤਵਾਰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਪਿੰਡ ਸੈਣਾ ਦੀ ਸਮੂਹ ਸਾਧ ਸੰਗਤ ਵੱਲੋਂ

**ਨੋਟ:ਭਾਈ ਹਰਜਿੰਦਰ ਸਿੰਘ ਜੀ ਢਪਾਲੀ ਦਸੰਬਰ ਦਾ ਮਹੀਨਾ ਗੁਰਬਾਣੀ ਕਥਾ ਦੁਆਰਾ ਨਿਹਾਲ ਕਰਨਗੇ।**

**ਸਮੂਹ ਸੰਗਤਾਂ ਵੱਧ ਤੋਂ ਵੱਧ ਹਾਜ਼ਰੀ ਭਰਕੇ ਲਾਹਾ ਪ੍ਰਾਪਤ ਕਰੋ ਜੀ**

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

*ਰਾਗੀ ਜਥਾ -ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ

*ਕਥਾ ਵਾਚਕ -ਭਾਈ ਹਰਜੀਤ ਸਿੰਘ ਜੀ ਢਪਈ

*ਰਾਗੀ ਜਥਾ ਭਾਈ ਭਗਤਜੀਤ ਸਿੰਘ ਜੀ ਜਲੰਧਰ ਵਾਲੇ

*ਢਾਢੀ ਜਥਾ-ਭਾਈ ਕੁਲਜਿੰਦਰ ਸਿੰਘ ਯੋਗੀ (ਪਿੰਡ ਕੈਲਪੁਰ)

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿ. ਨਵਜੋਤ ਸਿੰਘ ਜੀ(ਗ੍ਰੰਥੀ):226-509-6600

# ਡਾਕਟਰ ਭੀਮ ਰਾਓ ਅੰਬੇਡਕਰ ਦੀ ਸੋਚ ਕਦੋਂ ਲਾਗੂ ਹੋਵੇਗੀ?

ਦਲਿਤ ਸਮਾਜ ਦੇ ਮਸੀਹਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਨੇ ਦੱਬੇ-ਕੁਚਲੇ ਲੋਕਾਂ ਦੀ ਤਕਦੀਰ ਬਦਲਕੇ ਚੇਤਨਤਾ ਦਾ ਨਵਾਂ ਇਨਕਲਾਬ ਲਿਆਂਦਾ ਅਤੇ ਮਨੂੰਵਾਦੀਆਂ ਦੇ ਦੇਸ਼ ਬਰਾਬਰਤਾ ਨਾਅਰਾ ਡੰਕੇ ਦੀ ਚੋਟ ਨਾਲ ਲਾਇਆ ਤੇ ਪੂਰਾ ਕਰਵਾਇਆ। ਉਨਾ ਕਿਹਾ ਕਿ ਤੇ ਜੇ ਰਾਜ ਕਰਨ ਦਾ ਕਿਸੇ ਦਾ ਦਾ ਜਨਮ ਸਿੱਧ ਅਧਿਕਾਰ ਹੈ ਤਾਂ ਬਰਾਬਰੀ ਸੂਦਰ ਦਾ ਜਨਮ ਸਿੱਧ ਅਧਿਕਾਰ ਹੈ।

ਇਹ ਦੇਖਣ ਵਾਲੀ ਗੱਲ ਹੈ ਕਿ ਕ ਆਜ਼ਾਦੀ ਤੋਂ ਬਾਅਦ ਦਲਿਤ ਸਮਾਜ ਨੂੰ ਮਿਲੇ ਰਿਜਰਵੇਸ਼ਨ ਦੇ ਹੱਕ ਨੇ ਦਲਿਤ ਸਮਾਜ ਵਿੱਚ ਇੱਕ ਹੋਰ ਵਰਗ ਪੈਦਾ ਕਰ ਦਿੱਤਾ ਹੈ। ਪ੍ਰੰਤੂ ਇਹ ਵਰਗ ਅੰਦੇਬਕਰ ਦੀ ਦਾ ਸਿਧਾਂਤ ਅੱਗੇ ਵਧਾਉਣ ਨਾਲੋਂ ਆਪਣੀ ਚੌਧਰ ਕਾਇਮ ਰੱਖਣ ਲਈ ਸਥਾਪਿਤ ਧਿਰਾਂ ਨਾਲ ਹੀ ਘਿਉ-ਖਿਚੜੀ ਹੋ ਗਿਆ ਹੈ। ਜਿਸ ਕਾਰਨ ਗਰੀਬ ਦਲਿਤ ਅੱਜ ਵੀ ਉੱਥੇ ਹੀ ਖੜ੍ਹਾ ਹੈ ਅਤੇ ਉਸੇ ਤਰਾ ਵਿਤਕਰੇ ਦਾ ਸ਼ਿਕਾਰ ਹੈ ਜਿਸ ਤਰ੍ਹਾਂ ਸਦੀਆਂ ਪਹਿਲਾਂ ਸੀ। ਮਨੁੱਖੀ ਬਰਾਬਰੀ ਜਦੋਂ ਤੱਕ ਮਾਨਸਿਕ, ਸਮਾਜਿਕ ਤੇ ਆਰਥਿਕ ਪੱਧਰ ਤੇ ਸਹੀ ਅਰਥ ਵਿੱਚ ਨਹੀਂ ਆਂਉਂਦੀ ਉਦੋਂ ਤਕ ਇਨਾ ਵੰਡੀਆਂ ਨੂੰ ਖ਼ਤਮ ਕਰਨਾ ਸੰਭਵ ਨਹੀਂ।

ਸਿੱਖ ਗੁਰੂਆਂ ਨੇ ਜਿਸ ਤਰਾਂ 'ਸੱਭੇ ਸਾਂਝੀਵਾਲ' ਦਾ ਨਾਅਰਾ ਦਿੱਤਾ ਸੀ ਅਤੇ ਜਾਤ-ਪਾਤ, ਊਚ-ਨੀਚ, ਜ਼ੋਰ-ਜਬਰ ਨੂੰ ਖਤਮ ਕਰਨ ਲਈ ਸਿੱਖ ਧਰਮ ਦੀ ਸਥਾਪਨਾ ਕੀਤੀ ਸੀ,ਪਰ ਅੱਜਾਂ ਸਿੱਖੀ ਦੇ ਠੇਕੇਦਾਰ ਬਣੇ ਲੋਕਾਂ ਨੇ ਖੁਦ ਹੀ ਸਿੱਖੀ ਸੋਚ ਨੂੰ ਖੋਰਾ ਲਾਉਂਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਕਾਰਨ ਅੱਜ ਸਿੱਖੀ ਦੇ ਵਿਹੜੇ ਪਈਆਂ ਜਾਤ-ਪਾਤ ਦੀਆਂ ਵੰਡੀਆਂ ਗੂੜ੍ਹੀਆਂ ਹੋ ਰਹੀਆਂ ਹਨ। ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੇ ਸਿੱਖੀ ਸਿਧਾਂਤਾਂ ਦੀ ਰੋਸ਼ਨੀ ਅਨੁਸਾਰ ਇਹ ਫੈਸਲਾ ਲਿਆ ਸੀ ਕਿ ਇਹ ਸੰਸਾਰ ਨੂੰ ਬਰਾਬਰੀ ਦੇਣ ਵਾਲਾ ਜੇ ਕੋਈ ਧਰਮ ਹੈ ਤਾਂ ਉਹ ਸਿੱਖ ਧਰਮ ਹੈ ਤਾਂ ਮਨੂੰਵਾਦੀ ਤਾਕਤਾਂ ਨੇ ਆਪਣੇ ਏਜੰਟਾਂ ਰਾਹੀਂ ਉਨਾ ਨੂੰ ਸਿੱਖੀ ਵੱਲ ਨਾ ਮੁੜਨ ਦਿੱਤਾ। ਕਿਉਂਕਿ ਉਹ ਭਲੀ-ਭਾਂਤ ਸਮਝਦੇ ਸਨ ਕਿ ਜੇ ਸਿੱਖ ਤੇ ਦਲਿਤ ਇਕਮਿਕ ਹੋ ਗਏ ਤਾਂ ਉਥੇ ਉਨ੍ਹਾਂ ਦੀ ਚੌਧਰ ਦਾ ਭੋਗ ਪੈ ਜਾਵੇਗਾ। ਉਥੇ ਹੀ ਇਸ ਧਰਤੀ ਤੋਂ ਮਨੂੰਵਾਦੀ ਸੋਚ ਤੇ ਵਰਤਾਰਾ ਸਦਾ ਸਦਾ ਲਈ ਖ਼ਤਮ ਹੋ ਜਾਵੇਗਾ। ਹਲੀਮੀ ਰਾਜ ਦੇ ਬੇਗਮਪੁਰੇ ਦੇ ਸੁਪਨੇ ਦੇ ਸਾਕਾਰ ਹੋਣ ਨਾਲ ਸ਼ੋਸ਼ਣ ਕਰਨ ਵਾਲੀਆਂ ਤਾਕਤਾਂ ਦਾ

ਦਾ ਰਾਜ ਵੀ ਸਦੀਵੀ ਰੂਪ ਵਿਚ ਮਿਟ ਜਾਣਾ ਹੈ।ਇਸ ਹਕੀਕਤ ਨੂੰ ਹਰ ਸੂਝਵਾਨ ਭਲੀ ਭਾਂਤ ਭਾਂਤ ਜਾਣਦਾ ਸੀ,ਤੇ ਹੈ।ਡਾਕਟਰ ਅੰਬੇਦਕਰ ਦੇ ਸੁਪਨੇ ਦਾ ਪ੍ਰਭਾਵ ਬਸਪਾ ਦੇ ਬਾਨੀ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਮਨ ਵਿਚ ਬੀਜਿਆ ਗਿਆ ਸੀ ਜਿਸ ਕਾਰਨ ਉਹਨਾ ਨੇ ਭਾਰਤ ਦੀ ਪਾਰਲੀਮੈਂਟ ਚ ਗੱਜ-ਵੱਜ ਕੇ ਆਖਿਆ ਸੀ ਕਿ ਬਸਪਾ ਦਾ ਚੋਣ ਮੈਨੀਫੈਸਟੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ ਅਤੇ ਅਸੀਂ ਇਸ ਨੂੰ ਦੇਸ਼ ਭਰ ਵਿਚ ਲਾਗੂ ਕਰਨਾ ਹੈ।

ਅੱਜ ਜਦੋਂ ਅਸੀਂ ਡਾਕਟਰ ਅੰਬੇਦਕਰ ਦੀ ਸੋਚ



ਨੂੰ ਪ੍ਰਣਾਮ ਕਰਦੇ ਹਾਂ ਤਾਂ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲਣ ਲਈ ਦ੍ਰਿੜਤਾ ਅਤੇ ਦੂਰ ਦ੍ਰਿਸ਼ਟੀ ਵੀ ਪੈਦਾ ਕਰਨੀ ਹੋਵੇਗਾ।

ਦਲਿਤ ਸਮਾਜ ਜਦੋਂ ਤੱਕ ਆਪਣੀ ਹੋਂਦ ਅਤੇ ਆਪਣੇ ਮੂਲ ਦੀ ਸਹੀ ਪਛਾਣ ਨਹੀਂ ਕਰਦਾ ਉਦੋਂ ਤੱਕ ਸ਼ੋਸ਼ਣ ਹੁੰਦਾ ਹੀ ਰਹੇਗਾ। ਇਹ ਵੱਖਰੀ ਗੱਲ ਹੈ ਕਿ ਸ਼ੋਸ਼ਣ ਕਰਨ ਵਾਲਿਆਂ ਵਿਚ ਕਈ ਵਾਰੀ ਆਪਣੇ ਵੀ ਸ਼ਾਮਲ ਹੁੰਦੇ ਹਨ। ।ਪਖੰਡਵਾਦ ਤੇ ਮੰਨੂਵਾਦ ਨੇ ਸਦੀਆਂ ਤੋਂ ਬਾਅਦ ਸਮਾਜ ਨੂੰ ਆਪਣੇ ਤਿੱਖੇ ਜਬਾੜਿਆਂ ਵਿਚ ਜਕੜਿਆ ਹੋਇਆ ਹੈ। ਉਸ ਦੇ ਦੰਦ ਤੋੜਨ ਲਈ ਉਹਨਾ ਦੱਬੇ ਕੁਚਲੇ ਲੋਕਾਂ ਂ ਦਾ ਇਕੱਠੇ ਹੋਣਾ ਬੇਹੱਦ ਜ਼ਰੂਰੀ ਹੈ। ।ਸਭ ਤੋਂ ਵੱਡੀ ਲੋੜ ਹੈ ਕਿ ਬਹੁਗਿਣਤੀ ਦਲਿਤ ਸਤ ਭਾਈਚਾਰੇ ਦੀ ਮਾਨਸਿਕ ਭਾਵਨਾ ਨੂੰ ਚਿੰਤਨ ਅਤੇ ਸਵੈਮਾਣ ਵਾਲੀ ਭਾਵਨਾ ਵਿੱਚ ਬਦਲਿਆ ਜਾਵੇ।

ਜਿਸ ਮਹਾਨ ਵਿਅਕਤੀ ਨੇ ਰਾਜੇ ਨੂੰ ਰਾਣੀ ਦੇ ਪੇਟ ਤੋਂ ਪੈਦਾ ਹੋਣ ਤੋਂ ਰੋਕ ਕੇ ਵੋਟ ਦੇ ਡੱਬੇ ਚੋਂ ਪੈਦਾ ਕਰਨ ਦੀ ਕਰਾਮਾਤ ਕਰ ਦਿੱਤੀ ਸੀ ਪਰ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ।ਸਥਾਪਤ ਹਾਕਮ ਧਿਰਾਂ ਅੱਜ ਵੀ ਗਰੀਬ ਵਰਗ ਨੂੰ ਵਿਕਾਊ ਮਾਲ ਮੰਨ ਕੇ ਆਪਣੀਆਂ ਜੇਬਾਂ ਚ ਹੀ ਮੰਨਦੀਆਂ ਹਨ।ਆਪਣੀ ਪਹਿਚਾਣ ਤੇ ਆਪਣੀ ਵੋਟ ਦੀ ਕੀਮਤ ਨੂੰ ਪਛਾਨਣ ਦੀ ਲੋੜ ਹੈ।

ਸਮਾਂ ਬਦਲਿਆ ਹੈ ਪ੍ਰੰਤੂ ਪਰ ਬਹੁਤਾ ਬਦਲਾਅ ਨਹੀਂ ਆਇਆ। ਸਾਡਾ ਆਖਰੀ ਨਿਸ਼ਾਨਾ ਇਕ ਅਜਿਹੇ ਸਮਾਜ ਦੀ ਕਲਪਨਾ ਹੈ। ਜਿਸ ਵਿੱਚ ਮਨੁੱਖੀ ਬਰਾਬਰੀ ਹੋਵੇ, ਕੋਈ ਬੇਇਨਸਾਫ਼ੀ ਨਾ ਹੋਵੇ,ਮਜ਼ਲੂਮ ਦੀ ਰੱਖਿਆ ਕੀਤੀ ਜਾਵੇ ਅਤੇ ਸਰਬ ਸਾਂਝੀਵਾਲਤਾ ਦੀ ਭਾਵਨਾ ਹੋਵੇ ਜੋ ਗੁਰਬਾਣੀ ਦਾ ਮੂਲ ਸਿਧਾਂਤ ਹੈ। ਓਸੇ ਮਾਰਗ ਤੇ ਚੱਲ ਕੇ ਹੀ ਅਸੀਂ ਆਪਣੇ ਨਿਸ਼ਾਨੇ ਤੇ ਪਹੁੰਚ ਸਕਾਂਗੇ।

-ਜਸਪਾਲ ਸਿੰਘ ਹੇਰਾਂ

## ਅਮਰੀਕਾ ਬਣਿਆ ਭਾਰਤ ਦਾ ਪੱਖੀ ਪਾਕਿਸਤਾਨ ਅਤੇ ਚੀਨ ਪ੍ਰਤੀ ਪੱਖਪਾਤ ਦਾ ਪ੍ਰਦਰਸ਼ਨ ਕੀਤਾ

ਵਾਸ਼ਿੰਗਟਨ:- ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤ ਪ੍ਰਤੀ ਅਮਰੀਕੀ ਕਮਿਸ਼ਨ (ਯੂਐਸਸੀਆਈਆਰਐਫ) ਦੀ ਸਿਫ਼ਾਰਸ਼ ਨੂੰ ਨਜ਼ਰ ਅੰਦਾਜ਼ ਕਰ ਦਿੱਤਾ।ਅਮਰੀਕੀ ਕਮਿਸ਼ਨ ਨੇ ਭਾਰਤ ਨੂੰ ਵਿਸ਼ੇਸ਼ ਚਿੰਤਾ ਵਾਲਾ ਮੁਲਕ ਨਾਮਜ਼ਦ ਕਰਨ ਲਈ ਕਿਹਾ ਸੀ ਕਿਉਂਕਿ ਭਾਰਤ ਵਿੱਚ ਘੱਟ ਗਿਣਤੀਆਂ ਹਮਲੇ ਜਾਰੀ ਹਨ।ਯੂਐਸਸੀਆਈਆਰਐਫ ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਕਿਹਾ ਹੈ ਕਿ ਭਾਰਤ ਵਿੱਚ ਧਾਰਮਿਕ ਆਜ਼ਾਦੀ ਅਤੇ ਸਬੰਧਤ ਮਨੁੱਖੀ ਅਧਿਕਾਰ ਖ਼ਤਰੇ ਵਿੱਚ ਹਨ, ਅਤੇ ਸਰਕਾਰੀ ਨੀਤੀਆਂ ਧਾਰਮਿਕ ਘੱਟ ਗਿਣਤੀਆਂ ਦੀ ਸੁਰੱਖਿਆ ਨਹੀਂ ਕਰਦੀਆਂ ਹਨ।ਅਜਿਹੀਆਂ ਨੀਤੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਲਾਗੂ ਕਰਨਾ ਜਾਰੀ ਰੱਖਿਆ ਜੋ ਮੁਸਲਮਾਨਾਂ, ਇਸਾਈਆਂ, ਸਿੱਖਾਂ, ਦਲਿਤਾਂ ਅਤੇ ਆਦਿਵਾਸੀਆਂ 'ਤੇ ਨਕਾਰਾਤਮਕ ਪ੍ਰਭਾਵ ਪਾਉਂਦੀਆਂ ਹਨ।

ਕਮਿਸ਼ਨ ਪਿਛਲੇ ਲਗਾਤਾਰ ਤਿੰਨ ਸਾਲਾਂ ਤੋਂ ਅਮਰੀਕੀ ਵਿਦੇਸ਼ ਵਿਭਾਗ ਨੂੰ ਕਹਿ ਰਿਹਾ ਹੈ ਕਿ ਉਹ ਭਾਰਤ ਨੂੰ "ਵਿਸ਼ੇਸ਼ ਚਿੰਤਾ ਦਾ ਦੇਸ਼" ਵਜੋਂ ਨਾਮਜ਼ਦ ਕਰੇ।

ਹਾਲਾਂਕਿ, ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਪਾਕਿਸਤਾਨ ਅਤੇ ਚੀਨ ਨੂੰ ਇਸ ਤਰਾਂ ਦੀ ਸੂਚੀ ਵਿੱਚ ਨਾਮਜ਼ਦ ਕੀਤਾ।ਇਸ ਸੂਚੀ ਵਿੱਚ ਬਰਮਾ, ਕਿਊਬਾ, ਇਰੀਟਰੀਆ, ਈਰਾਨ, ਨਿਕਾਰਾਗੁਆ, ਡੀਪੀਆਰਕੇ (ਡੈਮੋਕਰੇਟਿਕ ਪੀਪਲਜ਼ ਰਿਪਬਲਿਕ ਆਫ਼ ਕੋਰੀਆ), ਰੂਸ, ਸਾਊਦੀ ਅਰਬ, ਤਜ਼ਾਕਿਸਤਾਨ ਅਤੇ ਤੁਰਕਮੇਨਿਸਤਾਨ ਵੀ ਸ਼ਾਮਲ ਹਨ।ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਸੰਘ ਅਤੇ ਭਾਜਪਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਆਪਣੇ ਏਜੰਡੇ ਨੂੰ ਜ਼ੋਰ-ਸ਼ੋਰ ਨਾਲ ਲਾਗੂ ਕਰ ਰਹੇ ਹਨ।

## ਕੈਨੇਡਾ ਤੋਂ ਅੰਮ੍ਰਿਤਸਰ, ਚੰਡੀਗੜ੍ਹ ਹਵਾਈ ਯਾਤਰਾ ਸ਼ੁਰੂ ਕਰਨ ਨੂੰ ਲੈ ਕੇ ਪੰਜਾਬੀਆਂ ਨੇ ਵਿੱਢੀ ਦਸਤਖ਼ਤ ਲਹਿਰ



ਐਡਮਿੰਟਨ, (ਦਰਸ਼ਨ ਸਿੰਘ ਜਟਾਣਾਂ)-ਪਿਛਲੇ ਦਿਨੀਂ ਕੈਨੇਡਾ ਵਲੋਂ ਭਾਰਤ ਨਾਲ ਕੀਤੇ ਹਵਾਈ ਸਫ਼ਰ ਸਮਝੌਤੇ 'ਚ ਪੰਜਾਬ ਦੇ ਕਿਸੇ ਵੀ ਏਅਰਪੋਰਟ ਨੂੰ ਨਾ ਜੋੜਣ ਨੂੰ ਲੈ ਕੇ ਪੰਜਾਬੀਆਂ ਨੇ ਕੈਨੇਡਾ ਸਰਕਾਰ ਦੇ ਵਿਦੇਸ਼ ਮੰਤਰੀ ਸ਼ਾਨ ਫਰੈਜ਼ਰ ਨੂੰ ਲਿਖਤੀ ਤੇ ਜ਼ੁਬਾਨੀ ਅਰਜ਼ੀਆਂ ਦਿੱਤੀਆਂ ਤੇ ਮੰਗ ਕੀਤੀ ਹੈ ਕਿ ਪੰਜਾਬੀਆਂ ਦੀ ਮੰਗ ਨੂੰ ਮੰਨਦੇ ਹੋਏ ਸ੍ਰੀ ਅੰਮ੍ਰਿਸਰ ਸਾਹਿਬ, ਚੰਡੀਗੜ੍ਹ ਨੂੰ ਕੈਨੇਡਾ ਗਲਾਈ ਸਫ਼ਰ ਨਾਲ ਜੋੜਿਆ ਜਾਵੇ।ਇਸ ਮੰਗ ਨੂੰ ਲੈ ਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਵਿਦੇਸ਼ ਮੰਤਰੀ ਸ਼ਾਨ ਫਰੈਜ਼ਰ ਵਲੋਂ ਹੁਣ ਤੱਕ ਕੋਈ ਵੀ ਹੁੰਗਾਰਾ ਨਾ ਭਰਨ 'ਤੇ ਪੰਜਾਬੀਆਂ ਨੇ ਘਰ-ਘਰ ਤੋਂ ਦਸਤਖ਼ਤ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਤੇ ਇਹ ਦਸਤਖ਼ਤ ਮੁਹਿੰਮ ਰਾਹੀਂ ਉਨ੍ਹਾਂ ਸਰਕਾਰ ਨੂੰ ਪੰਜਾਬੀਆਂ ਦੀ ਮੰਗ ਪੂਰੀ ਕਰਨ ਦੀ ਅਪੀਲ ਕੀਤੀ ਹੈ।ਕੁਲਦੀਪ ਸਿੰਘ ਸ਼ਾਹਕੇ ਨੇ ਦੱਸਿਆ ਕਿ ਉਨ੍ਹਾਂ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਨੂੰ ਦੱਸਿਆ ਹੈ ਕਿ ਕੈਨੇਡਾ ਤੋਂ ਭਾਰਤ ਦਾ ਲੰਮਾ ਸਫ਼ਰ ਤੈਅ ਕਰਕੇ ਦਿੱਲੀ ਪਹੁੰਚਦੇ ਪੰਜਾਬੀਆਂ ਨੂੰ 6 ਤੋਂ 8 ਘੰਟੇ ਸੜਕ ਰਾਹੀਂ ਆਪਣੇ ਸੂਬੇ ਤੇ ਆਪਣੇ ਘਰ ਪਹੁੰਚਣ ਲਈ ਲਗਦੇ ਹਨ ਤੇ ਅੱਗੇ ਆ ਰਹੇ ਮਾੜੇ ਮੌਸਮ ਕਾਰਨ ਵੱਡੇ ਹਾਦਸੇ ਹੁੰਦੇ ਰਹਿੰਦੇ ਹਨ।ਇਸ ਲਈ ਉਨ੍ਹਾਂ ਦੀ ਇਹ ਯੋਗ ਮੰਗ ਨੂੰ ਪੂਰਾ ਕਰਨ।







# ਵਿਵਾਦਤ ਫਿਲਮ ਮਸਲਾ:ਬਿਆਨਬਾਜ਼ੀ ‘ਤੇ ਸਿਮਟੀਆਂ ਸੰਸਥਾਵਾਂ

ਵਿਵਾਦਤ ਫਿਲਮ ‘ਦਾਸਤਾਨ-ਏ-ਸਰਹਿੰਦ’ ਨੂੰ ਬੰਦ ਕਰਵਾਉਣ ਲਈ ਸਿੱਖ ਸੰਗਤ ਵਲੋਂ ਲਗਾਤਾਰ ਹੋ ਰਹੇ ਰੋਸ ਪ੍ਰਦਰਸ਼ਨਾਂ ਅਤੇ ਵਿਰੋਧ ਦੇ ਚੱਲਦਿਆਂ ਸ਼੍ਰੋਮਣੀ ਕਮੇਟੀ ਅਤੇ ਹੋਰਨਾਂ ਜਥੇਬੰਦੀਆਂ ਨੇ ਚੁੱਪ ਤੋੜੀ ਹੈ। ਸ਼੍ਰੋਮਣੀ ਕਮੇਟੀ ਸਕੱਤਰ ਨੇ ਇਹ ਗੱਲ ਸਾਫ ਕੀਤੀ ਹੈ ਕਿ ‘ਦਾਸਤਾਨ-ਏ-ਸਰਹਿੰਦ’ ਨਾਮੀ ਵਿਵਾਦਤ ਫਿਲਮ ਨੂੰ ਉਹਨਾਂ ਵਲੋਂ ਕੋਈ ਮਨਜ਼ੂਰੀ ਨਹੀਂ ਦਿੱਤੀ ਗਈ। ਇਸ ‘ਤੇ ਬਿਆਨ ਦਿੰਦਿਆ ਫਿਲਮ ਬਣਾਉਣ ਵਾਲੇ ਅਤੇ ਨਿਰਦੇਸ਼ਕਾਂ ਨੇ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਸ਼੍ਰੋਮਣੀ ਕਮੇਟੀ ਦੀ ਮਨਜ਼ੂਰੀ ਉਹਨਾਂ ਕੋਲ ਹੈ, ਜਿਸ ਨੂੰ ਉਹ ਛੇਤੀ ਜਨਤਕ ਕਰਣਗੇ। ਸ਼੍ਰੋਮਣੀ ਕਮੇਟੀ ਨੇ ਇਸ ਮਸਲੇ ਵਿਚ ਖੁਦ ਨੂੰ ਫਸਦਿਆਂ ਮਹਿਸੂਸ ਕਰਦਿਆਂ ਮੁੜ ਚੁੱਪ ਵੱਟੀ ਹੋਈ ਹੈ। ਪਿਛਲੇ ਦਿਨੀਂ ਫਿਲਮ ਦੀ ਟੀਮ ਅਤੇ ਸ਼੍ਰੋਮਣੀ ਕਮੇਟੀ ਦੀ ਸਬ-ਕਮੇਟੀ ਦੀ ਮੀਟਿੰਗ ਹੋਣ ਅਤੇ ਫਿਲਮ ਵੇਖਣ ਦੀ ਗੱਲ ਬਾਹਰ ਆਈ ਪਰ ਸੰਗਤ ਦੇ ਰੋਹ ਕਾਰਨ ਉਸ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਵੀ ਮੈਂਬਰ ਨਾ ਪਹੁੰਚਿਆ। ਜਿਕਰਯੋਗ ਹੈ ਕਿ ਅਜੇ ਤੱਕ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਇਸ ਮਸਲੇ ‘ਤੇ ਇੱਕ ਵੀ ਸ਼ਬਦ ਨਹੀਂ ਬੋਲਿਆ ਗਿਆ। ਗਿਆਨੀ ਹਰਪ੍ਰੀਤ ਸਿੰਘ ਨੂੰ ਜਦੋਂ ਸ਼੍ਰੋਮਣੀ ਕਮੇਟੀ ਨੇ ਕਾਰਜਕਾਰੀ ਜਥੇਦਾਰ ਲਾਇਆ ਤਾਂ ਉਹਨਾ ਕਈ ਵਾਰ ਇਹ ਗੱਲ ਕਹੀ ਕਿ ਸੰਗਤ ਸਾਥ ਦੇਵੇ ਤਾਂ ਅਕਾਲ ਤਖਤ ਸਾਹਿਬ ਤੋਂ ਮੁੜ ਅਕਾਲੀ ਫੂਲਾ ਸਿੰਘ ਜਿਹੀ ਭੂਮਿਕਾ ਪਰਗਟ ਹੋ ਸਕਦੀ ਹੈ। ਦੇਸ-ਵਿਦੇਸ਼ ਤੋਂ ਸਿੱਖ ਬੀਤੇ ਕਈ ਦਿਨਾਂ ਤੌਂ ਗਿਆਨੀ ਹਰਪ੍ਰੀਤ ਸਿੰਘ ਨੂੰ ਨਿੱਜੀ ਅਤੇ ਜਨਤਕ ਤੌਰ ਉੱਤੇ ਦਸਮ ਪਾਤਿਸ਼ਾਹ ਜੀ ਦੇ ਸਾਹਿਬਜਾਦਿਆਂ ਅਤੇ ਮਾਤਾ ਜੀ ਦਾ ਸਵਾਂਗ ਰਚਦੀ ਫਿਲਮ “ਦਾਸਤਾਨ-ਏ-ਸਰਹੰਦ” ਬੰਦ ਕਰਵਾਉਣ ਅਤੇ ਅਜਿਹੇ ਸਵਾਂਗਾਂ ਦੀ ਪੱਕੀ ਮਨਾਹੀ ਕਰਨ ਲਈ ਕਹਿ ਰਹੇ ਹਨ ਪਰ ਉਹ ਇਸ ਮਾਮਲੇ ਉੱਤੇ ਬਿਲਕੁਲ ਚੁੱਪ ਹਨ। ਇਹੀ ਹਾਲ ਸ੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਹੈ, ਜਿਹੜੇ ਲੰਘੇ ਹਫਤੇ ਤੋਂ ਸੰਪਰਕ ਕਰ ਰਹੇ ਪੰਥ ਦਰਦੀਆਂ ਨੂੰ ਦੋ ਦਿਨ ਦਾ ਲਾਰਾ ਲਾ ਰਹੇ ਹਨ ਕਿ ਅਸੀਂ ‘ਦੋ ਦਿਨਾਂ ਵਿਚ’ ਧਰਮ ਪ੍ਰਚਾਰ ਕਮੇਟੀ ਦਾ ਮਤਾ ਜਾਰੀ ਕਰ ਰਹੇ ਹਾਂ ਇਸ ਫਿਲਮ ਅਤੇ ਅਜਿਹੇ ਸਵਾਂਗਾਂ ਦੀ ਮਨਾਹੀ ਦਾ ਪਰ ਅਜੇ ਤੱਕ ਇਹ ਦੋ ਦਿਨ ਪੂਰੇ ਨਹੀਂ ਹੋਏ।

ਵਿਵਾਦਤ ਫਿਲਮ ਮਸਲੇ ਵਿਚ ਸ਼੍ਰੋਮਣੀ ਕਮੇਟੀ ਦੀ ਹੁਣ ਤੱਕ ਦੀ ਭੂਮਿਕਾ ਨਾ ਪੱਖੀ ਹੀ ਰਹੀ ਹੈ। ਸਹੀ ਤੇ ਇਹ ਬਣਦਾ ਸੀ ਕਿ ਜੇਕਰ ਫਿਲਮ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ ਤਾਂ ਕੋਈ ਚਾਰਾਜੋਈ ਕਰਨ ਲਈ ਸੈਂਸਰ ਬੋਰਡ ਜਾਂ ਹਕੂਮਤ ਦੀਆਂ ਹੋਰ ਸੰਸਥਾਵਾਂ ਨੂੰ ਕਾਰਵਾਈ ਕਰਨ ਲਈ ਕਿਹਾ ਜਾਂਦਾ ਤੇ ਬੰਦ ਕਰਵਾਉਣ ਤੱਕ ਪੈਰਵਾਈ ਕੀਤੀ ਜਾਂਦੀ।

ਸੰਗਤ ਦੀਆਂ ਭਾਵਨਾਵਾਂ ਨੂੰ ਮੁੱਖ ਰੱਖ ਕੇ ਕਾਰਜ ਨਾ ਕਰਨ ਦੇ ਨਤੀਜੇ ਵਜੋਂ ਸ਼੍ਰੋਮਣੀ ਕਮੇਟੀ ਦੀ ਸਾਖ ਖੁਰਦੀ ਜਾ ਰਹੀ ਹੈ ਜਿਸਦਾ ਫਾਇਦਾ ਹਕੂਮਤ ਵਲੋਂ ਲਿਆ ਜਾ ਰਿਹਾ ਹੈ, ਸ਼੍ਰੋਮਣੀ ਕਮੇਟੀ ਦੇ ਹੁਣ ਤੱਕ ਕਈ ਟੁਕੜੇ ਹੋ ਗਏ ਹਨ ਪਰ ਸੰਗਤ ਦਾ ਸਾਥ ਕਮੇਟੀ ਨੂੰ ਨਹੀਂ ਮਿਲਿਆ।

ਅਹੁਦੇ ਉੱਤੇ ਕੋਈ ਸਦੀਵ ਨਹੀਂ ਰਹਿੰਦਾ ਪਰ ਅਹੁਦੇ ਉੱਤੇ ਬੈਠ ਕੇ ਕੀਤੇ ਅਤੇ ਨਾ-ਕੀਤੇ ਕੰਮ ਸਦਾ ਲਈ ਇਤਿਹਾਸ ਵਿਚ ਦਰਜ ਹੋ ਜਾਂਦੇ ਹਨ। ਭਾਵੇਂ ਅਹੁਦਿਆਂ ਵਾਲੇ ਹਾਲੀ ਤੱਕ ਆਪਣੀ ਜਿੰਮੇਵਾਰੀ ਨਿਭਾਉਣ ਤੋਂ ਟਾਲਾ ਵੱਟਦੇ ਨਜ਼ਰ ਆ ਰਹੇ ਹਨ ਪਰ ਸੰਗਤ ਇਸ ਮਾਮਲੇ ਵਿਚ ਦ੍ਰਿੜ ਹੈ ਕਿ ਇਹ ਵਿਵਾਦਤ ਫਿਲਮ ਰੋਕੀ ਜਾਵੇਗੀ। ਇਤਿਹਾਸ ਦਾ ਇਹ ਪੰਨਾ ਬਹੁਤ ਅਹਿਮ ਹੈ, ਚੁੱਪ ਵੀ ਯਾਦ ਰੱਖੀ ਜਾਏਗੀ ਅਤੇ ਬੋਲ ਵੀ।

# ਭਾਰਤ ਵਿੱਚ ਵੀ ਸਮੂਹਿਕ ਹੱਤਿਆਵਾਂ ਦਾ ਖ਼ਦਸ਼ਾ

ਇੱਕ ਅਮਰੀਕੀ ਖੋਜੀ ਸੰਸਥਾ ਨੇ ਆਪਣੀ ਹਾਲੀਆ ਰਿਪੋਰਟ ਵਿੱਚ ਭਾਰਤ ਨੂੰ ਉਨ੍ਹਾਂ ਦੇਸ਼ਾਂ ਵਿੱਚ ਅੱਠਵੇਂ ਸਥਾਨ ‘ਤੇ ਰੱਖਿਆ ਹੈ, ਜਿਨ੍ਹਾਂ ਵਿੱਚ ਚਾਲੂ ਸਾਲ ਤੇ ਅਗਲੇ ਸਾਲ ਸਮੂਹਿਕ ਹੱਤਿਆਵਾਂ ਹੋਣ ਦਾ ਖ਼ਤਰਾ ਹੈ । ਸਮੂਹਿਕ ਹੱਤਿਆਵਾਂ ਉਨ੍ਹਾਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਵਿੱਚ ਇੱਕ ਵਿਸ਼ੇਸ਼ ਵਰਗ ਦਾ ਵਿਅਕਤੀ ਹੋਣ ਕਾਰਨ ਸਰਕਾਰੀ ਜਾਂ ਗੈਰ-ਸਰਕਾਰੀ ਹਥਿਆਰਬੰਦ ਲੋਕਾਂ ਵੱਲੋਂ ਉਸ ਨੂੰ ਜਾਣਬੁੱਝ ਕੇ ਮਾਰ ਦਿੱਤਾ ਜਾਂਦਾ ਹੈ ।

ਅਰਲੀ ਵਾਰਨਿੰਗ ਪ੍ਰੋਜੈਕਟ ਨਾਂਅ ਦੀ ਸੰਸਥਾ ਨੇ ਨਵੰਬਰ ਵਿੱਚ ਜਾਰੀ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ 2022-2023 ਵਿੱਚ ਭਾਰਤ ਵਿੱਚ ਨਵੇਂ ਸਿਰੇ ਤੋਂ ਸਮੂਹਿਕ ਹੱਤਿਆਵਾਂ ਸ਼ੁਰੂ ਹੋਣ ਦੀ ਸੰਭਾਵਨਾ ਹੈ । ਇਸ ਰਿਪੋਰਟ ਵਿੱਚ ਸਾਰੇ 162 ਦੇਸ਼ਾਂ ਵਿੱਚੋਂ ਪਾਕਿਸਤਾਨ ਪਹਿਲੇ, ਯਮਨ ਦੂਜੇ, ਮਿਆਂਮਾਰ ਤੀਜੇ, ਛਾਡ ਚੌਥੇ, ਇਥੋਪੀਆ ਪੰਜਵੇਂ, ਨਾਈਜੇਰੀਆ ਛੇਵੇਂ ਤੇ ਅਫ਼ਗਾਨਿਸਤਾਨ ਨੂੰ ਸੱਤਵੇਂ ਸਥਾਨ ਉੱਤੇ ਰੱਖਿਆ ਗਿਆ ਹੈ । ਵਿਸ਼ੇਸ਼ ਗੱਲ ਇਹ ਹੈ ਕਿ ਭਾਰਤ ਦੀ ਸਥਿਤੀ ਸੂਡਾਨ, ਸੋਮਾਲੀਆ, ਸੀਰੀਆ, ਇਰਾਕ ਤੇ ਜ਼ਿੰਬਾਬਵੇ ਤੋਂ ਵੀ ਬਦਤਰ ਅੰਕੀ ਗਈ ਹੈ ।

ਰਿਪੋਰਟ ਵਿੱਚ ਅਜਿਹੀਆਂ ਕਈ ਉਦਾਹਰਨਾਂ ਪੇਸ਼ ਕੀਤੀਆਂ ਗਈਆਂ ਹਨ, ਜਿਨ੍ਹਾਂ ਰਾਹੀਂ ਦੱਸਿਆ ਗਿਆ ਹੈ ਕਿ ਕਿਵੇਂ ਕੇਂਦਰ ਤੇ ਰਾਜਾਂ ਦੀਆਂ ਭਾਜਪਾ ਸਰਕਾਰਾਂ ਦੇਸ਼ ਦੇ ਘੱਟਗਿਣਤੀ ਮੁਸਲਮਾਨਾਂ ਨਾਲ ਭੇਦਭਾਵ ਕਰਦੀਆਂ ਹਨ । ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਿੰਦੂ ਰਾਸ਼ਟਰਵਾਦੀ ਆਗੂਆਂ ਨੇ ਨਫ਼ਰਤੀ ਭਾਸ਼ਣ ਦੇਣਾ ਜਾਰੀ ਰੱਖਿਆ ਹੋਇਆ ਹੈ, ਜਿਸ ਵਿੱਚ ਧਾਰਮਿਕ ਆਗੂਆਂ ਵੱਲੋਂ ਮੁਸਲਮਾਨਾਂ ਦੀਆਂ ਸਮੂਹਿਕ ਹੱਤਿਆਵਾਂ ਦੇ ਸੱਦੇ ਦਿੱਤੇ ਗਏ ਸਨ । ਹਾਲ ਹੀ ਵਿੱਚ ਕਈ ਰਾਜਾਂ ਵਿੱਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਵੱਡੇ ਪੱਧਰ ‘ਤੇ ਹੋਈਆਂ ਹਨ । ਇਨ੍ਹਾਂ ਘਟਨਾਵਾਂ ਵਿੱਚ ਹਿੰਦੂ ਰਾਸ਼ਟਰਵਾਦੀ ਜਲੂਸਾਂ ਵਿੱਚ ਮੁਸਲਮਾਨਾਂ ਵਿਰੋਧੀ ਨਾਅਰੇ ਲਾਏ ਗਏ ਤੇ ਮਸਜਿਦਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ । ਇਨ੍ਹਾਂ ਹਿੰਸਕ ਜਲੂਸਾਂ ਦੇ ਜਵਾਬ ਵਿੱਚ ਸਥਾਨਕ ਅਧਿਕਾਰੀਆਂ ਨੇ ਉਲਟਾ ਕਈ ਰਾਜਾਂ ਵਿੱਚ ਮੁਸਲਮਾਨਾਂ ਦੀਆਂ ਜਾਇਦਾਦਾਂ ਤੇ ਘਰਾਂ ਨੂੰ ਬੁਲਡੋਜ਼ਰ ਚਲਾ ਕੇ ਮਲੀਆਮੇਟ ਕਰ ਦਿੱਤਾ ਸੀ ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸਾਈਆਂ ਤੇ ਦਲਿਤਾਂ ਸਮੇਤ ਦੂਜੀਆਂ ਘੱਟਗਿਣਤੀਆਂ ਨੂੰ ਲਗਾਤਾਰ ਜ਼ਿਆਦਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਅਕਤੂਬਰ 2021 ਵਿੱਚ ਜਾਰੀ ਇੱਕ ਤੱਥ ਖੋਜੀ ਰਿਪੋਰਟ ਮੁਤਾਬਕ ਉਸ ਸਾਲ ਪਹਿਲੇ 9 ਮਹੀਨਿਆਂ ਦੌਰਾਨ ਇਸਾਈਆਂ ਵਿਰੁੱਧ ਹਿੰਸਾ ਦੇ 300 ਕੇਸ ਦਰਜ ਹੋਏ ਸਨ । ਰਿਪੋਰਟ ਵਿੱਚ ਜੰਮੂ-ਕਸ਼ਮੀਰ ਅੰਦਰ ਲਗਾਤਾਰ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਘਟਨਾਵਾਂ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਅੱਤਵਾਦੀਆਂ ਵੱਲੋਂ ਹਿੰਦੂ ਨਾਗਰਿਕਾਂ ਦੀਆਂ ਹੱਤਿਆਵਾਂ ਵਿੱਚ ਵਾਧਾ ਅਤੇ ਪੱਤਰਕਾਰਾਂ ਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਵਿਰੁੱਧ ਭਾਰਤ ਸਰਕਾਰ ਦੀਆਂ ਕਾਰਵਾਈਆਂ ਸ਼ਾਮਲ ਹਨ । ਇਹ ਰਿਪੋਰਟ ਉਸ ਸਮੇਂ ਆਈ ਹੈ, ਜਦੋਂ ਗੁਜਰਾਤ ਚੋਣਾਂ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਆਪਣੇ ਭਾਸ਼ਣ ਵਿੱਚ ਇਹ ਕਹਿ ਰਿਹਾ ਹੁੰਦਾ ਹੈ ਕਿ ਉਨ੍ਹਾਂ 2002 ਵਿੱਚ ਗੁੰਡਿਆਂ ਨੂੰ ਅਜਿਹਾ ਸਬਕ ਸਿਖਾਇਆ ਸੀ, ਜਿਸ ਨਾਲ ਗੁਜਰਾਤ ਵਿੱਚ ਸ਼ਾਂਤੀ ਹੋ ਸਕੀ । ਵਰਨਣਯੋਗ ਹੈ ਕਿ ਗੋਧਰਾ ਰੇਲ ਕਾਂਡ ਤੋਂ ਬਾਅਦ 2002 ਵਿੱਚ ਗੁਜਰਾਤ ਅੰਦਰ ਹੋਏ ਦੰਗਿਆਂ ਵਿੱਚ ਦੋ ਹਜ਼ਾਰ ਤੋਂ ਵੱਧ ਮੁਸਲਮਾਨ ਮਾਰ ਦਿੱਤੇ ਗਏ ਸਨ । ਇਸ ਲਈ ਮੌਜੂਦਾ ਸਰਕਾਰ ਤੋਂ ਇਹ ਆਸ ਨਹੀਂ ਰੱਖਣੀ ਚਾਹੀਦੀ ਕਿ ਉਹ ਸਮੂਹਿਕ ਹੱਤਿਆਵਾਂ ਨੂੰ ਉਤਸ਼ਾਹਤ ਕਰਨ ਦੀ ਆਪਣੀ ਨੀਤੀ ਨੂੰ ਤਿਆਗ ਦੇਵੇਗੀ ।-ਨਵਾਂ ਜ਼ਮਾਨਾ

## (ਮੁੱਖ ਪੰਨੇ ਦੀ ਬਾਕੀ)

ਕੈਂਪਾਂ ਰਾਹੀਂ ਖ਼ੂਨਦਾਨ ਦਾਨ ਕਰਦੇ ਹਨ ਜਿਨ੍ਹਾਂ ਰਾਹੀਂ ਅਨੇਕਾਂ ਕੀਮਤੀ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ।

ਉਨ੍ਹਾਂ ਦੇ ਦੱਸਣ ਅਨੁਸਾਰ ਸਾਡੇ ਭਾਈਚਾਰੇ ਦੇ ਅਨੇਕਾਂ ਹੀ ਲੋਕ ਸਿੱਖ ਗੁਰੂਆਂ ਅਤੇ ਭਾਈ ਘਨੱਈਆ ਜੀ ਦੀਆਂ ਸਿੱਖਿਆਵਾਂ ‘ਤੇ ਚੱਲਦਿਆਂ ਥਾਂ-ਥਾਂ ‘ਤੇ ਖ਼ੂਨਦਾਨ ਕੈਂਪ ਲਗਾ ਕੇ ਇੱਥੇ ਮਨੁੱਖਤਾ ਦੀ ਸੇਵਾ ‘ਚ ਲੱਗੇ ਹੋਏ ਹਨ ਅਤੇ ਇਸੇ ਤਰ੍ਹਾਂ ਰਣਜੀਤ ਸਿੰਘ ਪਨੇਸਰ ਦੇ ਦੱਸਣ ਅਨੁਸਾਰ ਕੈਨੇਡੀਅਨ ਬਲੱਡ ਸਰਵਿਸਿਜ ਦੀ ਖ਼ੂਨ ਦੀ ਤੰਗੀ ਨੂੰ ਪੂਰਾ ਕਰਨ ਲਈ ਜਿੱਥੇ ਸਿੱਖ ਭਾਈਚਾਰਾ ਸੇਵਾ ਨਿਭਾ ਰਿਹਾ ਹੈ ਉੱਥੇ ਹੀ ਹੋਰ ਲੋਕਾਂ ਨੂੰ ਵੀ ਇਸ ਮਹਾਨ ਕਾਰਜ ਲਈ ਅੱਗੇ ਆਉਣਾ ਚਾਹੀਦਾ ਹੈ ।

# ਇੰਡੋਨੇਸ਼ੀਆ ਵਿਚ ਵਿਆਹ ਤੋਂ ਬਿਨਾਂ ਸਰੀਰਕ ਸਬੰਧਾਂ ‘ਤੇ ਲੱਗੀ ਕਾਨੂੰਨੀ ਤੌਰ ‘ਤੇ ਪਾਬੰਦੀ

ਜਕਾਰਤਾ:ਇਹ ਅਪਰਾਦਿਕ ਕੋਡ ਦੇਸ਼ ਵਿੱਚ ਕਿਸੇ ਵੀ ਵਿਅਕਤੀ ਨੂੰ ਵਿਆਹ ਤੋਂ ਬਿਨਾਂ ਸਰੀਰਕ ਸਬੰਧ ਬਣਾਉਣ ‘ਤੇ ਪਾਬੰਦੀ ਲਗਾਉਂਦਾ ਹੈ ਅਤੇ ਸਿਆਸੀ ਆਜ਼ਾਦੀਆਂ ਨੂੰ ਪਾਬੰਦੀਸ਼ੁਧਾ ਬਣਾਉਂਦਾ ਹੈ।ਹਾਲਾਂਕਿ, ਇਹ ਨਵੇਂ ਕਾਨੂੰਨ ਹੋਰ ਤਿੰਨ ਸਾਲਾਂ ਲਈ ਲਾਗੂ ਨਹੀਂ ਹੋਣਗੇ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਸ ਨੂੰ ਅਦਾਲਤੀ ਚੁਣੌਤੀਆਂ ਦਰਪੇਸ਼ ਹੋਣਗੀਆਂ।ਮੁਸਲਿਮ ਬਹੁਗਿਣਤੀ ਵਾਲੇ ਦੇਸ਼ ਵਿੱਚ ਧਾਰਮਿਕ ਰੂੜ੍ਹੀਵਾਦ ਦੇ ਉਭਾਰ ਤੋਂ ਬਾਅਦ ਤਬਦੀਲੀਆਂ ਦਾ ਦੌਰ ਆਇਆ ਹੈ।ਕਈ ਸਮੂਹਾਂ ਨੇ ਖ਼ਾਸ ਤੌਰ ‘ਤੇ ਨੌਜਵਾਨਾਂ ਦੇ ਇਸ ਹਫ਼ਤੇ ਜਕਾਰਤਾ ਵਿੱਚ ਸੰਸਦ ਦੇ ਬਾਹਰ ਕਾਨੂੰਨਾਂ ਦਾ ਵਿਰੋਧ ਕੀਤਾ।ਇਹ ਨਵੇਂ ਕਾਨੂੰਨਾਂ ਬਾਲੀ ਅਤੇ ਹੋਰ ਇੰਡੋਨੇਸ਼ੀਆਈ ਸੈਰ-ਸਪਾਟੇ ਵਾਲੀਆਂ ਥਾਵਾਂ ‘ਤੇ ਘੁੰਮਣ ਜਾਣ ਵਾਲੇ ਵਿਦੇਸ਼ੀ ਲੋਕਾਂ ‘ਤੇ ਵੀ ਲਾਗੂ ਹੋਣਗੇ। ਇਸ ਦੇ ਤਹਿਤ ਅਣਵਿਆਹੇ ਜੋੜਿਆਂ ਨੂੰ ਇੱਕ ਸਾਲ ਤੱਕ ਦੀ ਜੇਲ੍ਹ ਹੋ ਸਕਦੀ ਹੈ।







# ਸਿਹਤ ਸੰਬੰਧੀ





# ਯੀਸਟ ਇਨਫ਼ੈਕਸ਼ਨ ਅਤੇ ਹੋਮਿਓਪੈਥਿਕ ਇਲਾਜ

ਸਰ੍ਹੀ ਵਿੱਚ ਪਿਛਲੇ ਲੰਮੇ ਸਮੇਂ ਤੋਂ ਹੋਮਿਓਪੈਥਿਕ ਪ੍ਰੈਕਟਿਸ ਕਰ ਰਹੇ ਤਜਰਬੇਕਾਰ ਡਾ. ਆਰ. ਐੱਸ. ਸੈਣੀ ਨੇ ਐਬਟਸਫ਼ੋਰਡ ਦੇ ਸੀਡਰ ਪਾਰਕ ਪਲੇਸ ਵਿੱਚ ਨਵੀਂ ਲੋਕੇਸ਼ਨ ਖੋਲ੍ਹ ਦਿੱਤੀ ਹੈ। ਲਾਈਫ਼ਕੇਅਰ ਹੋਮਿਓਪੈਥੀ ਨਾਂ ਦੇ ਇਸ ਕਲੀਨਿਕ ਦੀ ਵਾਗਡੋਰ ਡਾ. ਸੈਣੀ ਦੀ ਸਪੁੱਤਰੀ, ਸ਼ਵੇਤਾ ਸੈਣੀ ਸੰਭਾਲਦੇ ਹਨ। ਡਾ. ਸ਼ਵੇਤਾ ਸੈਣੀ ਐੱਮ. ਬੀ.ਬੀ.ਐੱਸ., ਐੱਮ.ਡੀ. (MBBS, MD) ਡਾਕਟਰ ਹਨ ਜਿਨ੍ਹਾਂ ਨੇ ਕੈਨੇਡਾ ਆਉਣ ਤੋਂ ਪਹਿਲਾਂ ਚੰਡੀਗੜ੍ਹ ਦੇ ਮਸ਼ਹੂਰ, ਵੱਡੇ ਹਸਪਤਾਲਾਂ ਵਿੱਚ ਬਤੌਰ ਡਾਕਟਰ ਕੰਮ ਕੀਤਾ ਹੈ। ਉਨ੍ਹਾਂ ਨੇ ਕੈਨੇਡਾ ਵਿੱਚ ਓਨਟਾਰੀਓ ਸੂਬੇ ਤੋਂ ਹੋਮਿਓਪੈਥੀ ਦੀ ਡਿਗਰੀ ਵੀ ਹਾਸਲ ਕੀਤੀ ਹੈ। ਡਾ. ਸ਼ਵੇਤਾ ਨੂੰ ਔਰਤਾਂ ਅਤੇ ਬੱਚਿਆਂ ਦੀਆਂ ਸਿਹਤ ਸਮੱਸਿਆਵਾਂ ਦੇ ਇਲਾਜ ਵਿੱਚ ਵਿਸ਼ੇਸ਼ ਮੁਹਾਰਤ ਹੈ।

ਯੀਸਟ, ਜਾਂ ਕੈਨਡਿਡਾ ਐਲਬੀਕੈਨਜ਼, ਉੱਲੀ ਦੀ ਇੱਕ ਕਿਸਮ ਹੁੰਦੀ ਹੈ ਜੋ ਕੋਈ ਸਮੱਸਿਆਵਾਂ ਖੜ੍ਹੇ ਕੀਤੇ ਬਿਨਾ ਸਰੀਰ ਦੇ ਅੰਦਰ ਅਤੇ ਉੱਪਰ ਰਹਿੰਦੀ ਹੈ। ਯੀਸਟ ਇਨਫ਼ੈਕਸ਼ਨਾਂ ਸਾਡੇ ਸਰੀਰ ਅੰਦਰ ਜਾਂ ਉੱਪਰ ਆਮ ਤੌਰ ’ਤੇ ਮੌਜੂਦ ਤੱਤਾਂ ਦੀ “ਲੋੜ ਨਾਲੋਂ ਜ਼ਿਆਦਾ ਪੈਦਾਇਸ਼” ਹੁੰਦੀ ਹੈ। ਜਦੋਂ ਹਾਲਾਤ ਬਦਲਦੇ ਹਨ ਉਦੋਂ ਯੀਸਟ ਵਿੱਚ ਵਾਧਾ ਹੋ ਸਕਦਾ ਹੈ ਅਤੇ ਲੱਛਣ ਉਤਪੰਨ ਹੋ ਸਕਦੇ ਹਨ। ਇਨਫ਼ੈਕਸ਼ਨਾਂ ਪੁਰਸ਼-ਇੰਦਰੀ ਦੇ ਅੰਦਰ ਜਾਂ ਉੱਪਰ, ਯੋਨੀ ਜਾਂ ਅੰਦਰੂਨੀ ਗੁਪਤ ਅੰਗਾਂ ਵਿੱਚ, ਗੁਦਾ ਅਤੇ ਗੁਪਤ ਅੰਗਾਂ ਦੇ ਆਲ਼ੇ-ਦੁਆਲੇ ਹੋ ਸਕਦੇ ਹਨ।

ਯੀਸਟ ਦੇ ਵਾਧੇ ਪਿੱਛੇ ਕਈ ਕਾਰਣ ਹੋ ਸਕਦੇ ਹਨ ਪਰ ਇਮਿਊਨ ਸਿਸਟਮ (ਸਰੀਰ ਦੀ ਬਿਮਾਰੀਆਂ ਨਾਲ ਲੜਣ ਦੀ ਕੁਦਰਤੀ ਪ੍ਰਣਾਲੀ) ਦੀ ਕਮਜ਼ੋਰੀ ਕਾਰਣ ਵੀ ਅਜਿਹਾ ਹੋ ਸਕਦਾ ਹੈ। ਸੰਭੋਗ ਦੌਰਾਨ ਯੀਸਟ ਇੱਕ ਵਿਅਕਤੀ ਤੋਂ ਦੂਜੇ ਵਿੱਚ ਨਹੀਂ ਜਾਂਦੀ ਪਰ ਸੰਭੋਗ ਨਾਲ ਯੋਨੀ/ਅੰਦਰੂਨੀ ਗੁਪਤ ਅੰਗਾਂ ਵਿਚਲੇ ਹਾਲਾਤ ਵਿੱਚ ਤਬਦੀਲੀ ਆ ਸਕਦੀ ਹੈ ਅਤੇ ਯੀਸਟ ਵਿੱਚ ਵਾਧਾ ਹੋ ਸਕਦਾ ਹੈ।

ਜੇ ਤੁਹਾਡੇ ਆਮ ਨਾਲੋਂ ਜ਼ਿਆਦਾ ਯੀਸਟ ਹੋਈ ਹੈ ਤਾਂ ਤੁਹਾਡੇ ਲੱਛਣ ਇਸ ਗੱਲ ਉੱਤੇ ਨਿਰਭਰ ਕਰਨਗੇ ਕਿ ਇਨਫ਼ੈਕਸ਼ਨ ਤੁਹਾਡੇ ਸਰੀਰ ਉੱਪਰ ਕਿੱਥੇ ਹੋਈ ਹੈ। ਆਮ ਲੱਛਣਾਂ ਵਿੱਚ ਹੇਠ ਲਿਖੇ ਲੱਛਣ ਸ਼ਾਮਲ ਹਨ:

- ਯੋਨੀ/ਅੰਦਰੂਨੀ ਗੁਪਤ ਅੰਗ: ਤੁਹਾਨੂੰ ਖਾਜ, ਖ਼ੁਸ਼ਕੀ, ਲਾਲੀ/ਸੋਜਿਸ਼ ਅਤੇ ਦਰਦ ਹੋ ਸਕਦਾ ਹੈ। ਕਈ ਵਾਰੀ ਸੰਭੋਗ ਦੌਰਾਨ ਦਰਦ ਹੋਰ ਵੀ ਬਦਤਰ ਹੋ ਜਾਂਦਾ ਹੈ। ਤੁਹਾਨੂੰ ਵਧੇਰੇ ਰਿਸਾਵ ਵੀ ਹੋ ਸਕਦਾ ਹੈ ਜੋ ਕਿ ਗਾੜ੍ਹਾ ਅਤੇ ਦੇਖਣ ਨੂੰ ਕੌਟੇਜ ਚੀਜ਼ ਵਰਗਾ ਲਗਦਾ ਹੈ।
- ਗੁਪਤ ਅੰਗਾਂ ਦੇ ਆਲ਼ੇ-ਦੁਆਲੇ: ਤੁਹਾਨੂੰ ਧੱਫੜ (ਲਾਲ ਰੰਗ ਦੇ ਉੱਭਰੇ ਦਾਣੇ ਜਾਂ ਫ਼ਿਣਸੀਆਂ) ਹੋ ਸਕਦੇ ਹਨ, ਖਾਜ ਹੋ ਸਕਦੀ ਹੈ ਜਾਂ ਸਫ਼ੇਦ ਰੰਗ ਦਾ ਰਿਸਾਵ ਹੋ ਸਕਦਾ ਹੈ।

ਯੀਸਟ ਇਨਫ਼ੈਕਸ਼ਨ ਦੀ ਰੋਕਥਾਮ ਲਈ ਤੁਸੀਂ ਅਨੇਕਾਂ ਕਾਰਜ ਕਰ ਸਕਦੇ ਹੋ, ਜਿਵੇਂ ਕਿ ਗੁਪਤ ਅੰਗਾਂ ਨੂੰ ਸਾਫ਼ ਕਰਨ ਲਈ ਗੰਧ-ਰਹਿਤ ਸਾਬਣ ਜਾਂ ਕੋਈ ਵੀ ਸਾਬਣ ਬਿਲਕੁਲ ਇਸਤੇਮਾਲ ਨਾ ਕਰੋ, ਸੂਤੀ ਅੰਡਰਵਿਅਰ ਅਤੇ ਖੁੱਲ੍ਹੇ ਕੱਪੜੇ ਪਹਿਨੋ, ਐਂਟੀਬਾਇਓਟਿਕ ਦਵਾਈਆਂ ਦੀ ਲੋੜੋਂ ਵੱਧ ਵਰਤੋਂ ਤੋਂ ਪਰਹੇਜ਼ ਕਰੋ, ਅਜਿਹੀ ਖ਼ੁਰਾਕ ਖਾਓ ਜਿਸ ਵਿੱਚ ਖੰਡ ਦੀ ਮਿਕਦਾਰ ਘੱਟ ਹੋਵੇ।

ਆਮ ਤੌਰ ’ਤੇ ਯੀਸਟ ਕਾਰਣ ਸਿਹਤ ਸੰਬੰਧੀ ਕੋਈ ਗੰਭੀਰ ਗੁੰਝਲਾਂ ਨਹੀਂ ਪੈਂਦੀਆਂ ਪਰ ਜੇ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਗੰਭੀਰ ਸਮੱਸਿਆ ਬਣ ਸਕਦੀ ਹੈ। ਨਾਲ ਹੀ, ਜੇ ਤੁਹਾਨੂੰ ਬਾਰ-ਬਾਰ ਯੀਸਟ ਇਨਫ਼ੈਕਸ਼ਨ ਹੋਵੇ ਤਾਂ ਤੁਹਾਨੂੰ ਇਸ ਬਾਰੇ ਢੁਕਵੀਂ ਮੈਡੀਕਲ ਸਹਾਇਤਾ ਲੈਣੀ ਚਾਹੀਦੀ ਹੈ। ਹੋਮਿਓਪੈਥੀ ਵਿੱਚ ਯੀਸਟ ਇਨਫ਼ੈਕਸ਼ਨ ਦਾ ਜੜ੍ਹੋਂ ਇਲਾਜ ਕੀਤਾ ਜਾਂਦਾ ਹੈ।

ਤੁਸੀਂ ਆਪਣੀਆਂ ਹੋਰਨਾ ਸਿਹਤ ਸਮੱਸਿਆਵਾਂ ਦੇ ਢੁਕਵੇਂ ਹੋਮਿਓਪੈਥਿਕ ਇਲਾਜ ਲਈ ਵੀ ਸਾਨੂੰ ਮਿਲ ਸਕਦੇ ਹੋ। ਅਸੀਂ ਤੁਹਾਡੀ ਤਕਲੀਫ਼ ਅਤੇ ਤਕਲੀਫ਼ ਕਾਰਣ ਤੁਹਾਡੇ ਜਜ਼ਬਾਤ ਉੱਪਰ ਪੈਂਦੇ ਅਸਰ ਨੂੰ ਪੂਰੀ ਤਰ੍ਹਾਂ ਸਮਝ ਕੇ ਤੁਹਾਡੇ ਲਈ ਦਵਾਈ ਦੀ ਚੋਣ ਕਰਾਂਗੇ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
(ਹੋਮਿਓਪੈਥ)
Surrey
(604) 502-9579

## ਗਠੀਏ ਦੇ ਦਰਦ ਤੋਂ ਹਮੇਸ਼ਾਂ ਲਈ ਛੁਟਕਾਰਾ ਦਿਵਾਉਣਗੇ ਇਹ ਘਰੇਲੂ ਨੁਸਖੇ

**ਆਓ ਜਾਣਦੇ ਹਾਂ ਇਨ੍ਹਾਂ ਨੁਸਖਿਆਂ ਬਾਰੇ :-**

1. ਪਪੀਤੇ ਦੀ ਚਾਹ ਗਠੀਏ ਰੋਗ ‘ਚ ਬਹੁਤ ਹੀ ਲਾਭਕਾਰੀ ਹੁੰਦੀ ਹੈ। ਇਸ ਨੂੰ ਰੋਜ਼ਾਨਾ ਪੀਣ ਨਾਲ ਗਠੀਏ ਦੇ ਦਰਦ ਤੋਂ ਵੀ ਰਾਹਤ ਮਿਲਦੀ ਹੈ ਅਤੇ ਹੱਡੀਆਂ ਵੀ ਮਜ਼ਬੂਤ ਹੁੰਦੀਆਂ ਹਨ।
2. ਗਠੀਆ ਹੋਣ ਤੇ ਹਰ ਰੋਜ 4-5 ਲੌਂਗ ਦੀ ਵਰਤੋਂ ਕਰੋ, ਜਿਸ ਨਾਲ ਜੋੜਾ ਦੇ ਦਰਦ ਨੂੰ ਆਰਾਮ ਮਿਲੇਗਾ।
3. ਗਠੀਏ ਦੀ ਸਮੱਸਿਆ ਦੌਰਾਨ ਦਿਨ ‘ਚ 10-12 ਚੈਰੀਆਂ ਖਾਣੀਆਂ ਚਾਹੀਦੀਆਂ ਹਨ। ਇਨ੍ਹਾਂ ਨਾਲ ਸਰੀਰ ਨੂੰ ਕਾਫੀ ਅਰਾਮ ਮਿਲਦਾ ਹੈ।
4. ਇਕ ਚਮਚ ਸ਼ਹਿਦ, 4 ਚਮਚ ਸੇਬ ਦਾ ਸਿਰਕਾ ਅਤੇ ਇਕ ਗਿਲਾਸ ਪਾਣੀ ‘ਚ ਮਿਲਾ ਕੇ ਪੀ ਲਓ। ਇਸ ਤਰ੍ਹਾਂ ਕਰਨ ਨਾਲ ਸਾਨੂੰ ਗਠੀਏ ਦੇ ਦਰਦ ਤੋਂ ਆਰਾਮ ਮਿਲੇਗਾ।ਵੱਧ ਤੋਂ ਵੱਧ ਅੰਗੂਰ ਦੀ ਵਰਤੋਂ ਕਰੋ। ਇਸ ਨਾਲ ਸਰੀਰ ‘ਚ ਯੂਰਿਕ ਐਸਿਡ ਦਾ ਜ਼ਹਿਰੀਲਾਪਣ ਖਤਮ ਹੋ ਜਾਵੇਗਾ। ਅੰਗੂਰਾਂ ‘ਚ ਵਿਟਾਮਿਨ ਵੀ ਹੁੰਦੇ ਹਨ, ਜੋ ਸਰੀਰ ਨੂੰ ਦਰਦ ਤੋਂ ਆਰਾਮ ਦਿੰਦੇ ਹਨ। ਫਲੀਆ ਦਾ ਜੂਸ ਬਣਾ ਕੇ ਪੀ ਲਓ। ਤੁਸੀ ਚਾਹੋ ਤਾਂ ਇਸ ਦਾ ਸੂਪ ਵੀ ਬਣਾ ਕੇ ਪੀ ਸਕਦੇ ਹੋ। ਇਸ ਨਾਲ ਜਲਦ ਹੀ ਆਰਾਮ ਮਿਲ ਜਾਂਦਾ ਹੈ।


ਨਸ਼ਿਆਂ ਤੋਂ ਛੁਟਕਾਰਾ ਪਾਓ
night & day
recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




Night and Day Recovery Centre
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

*********

ਪੁਲਸ, ''ਘਰ ਦੀ ਤਲਾਸ਼ੀ ਲੈਣੀ ਹੈ।''
ਪਤੀ, ''ਕਿਉਂ?''
ਪੁਲਸ, ''ਸਾਨੂੰ ਖਬਰ ਮਿਲੀ ਹੈ ਕਿ ਤੁਸੀਂ ਇੱਕ ਖਤਰਨਾਕ ਵਿਅਕਤੀ ਆਪਣੇ ਘਰ ਰੱਖਿਆ ਹੋਇਐ?''
ਪਤੀ, ''ਖਬਰ ਤਾਂ ਬਿਲਕੁਲ ਸਹੀ ਹੈ ਭਰਾ, ਪਰ ਉਹ ਅਜੇ ਪੇਕਿਆਂ ਨੂੰ ਗਈ ਹੋਈ ਹੈ।''

*********

ਅੱਜ ਬੜੇ ਦਿਨਾਂ ਬਾਅਦ ਪੁਰਾਣੇ ਮਹਿਬੂਬ ਨਾਲ ਗੱਲ ਹੋਈ। ਉਸ ਨੇ ਪੁੱਛਿਆ, ''ਕੀ ਹਾਲ ਹੈ?''
ਮੈਂ ਕਿਹਾ, ''ਅੱਖਾਂ ਵਿੱਚ ਰੜਕ, ਦਿਲ 'ਚ ਜਲਨ, ਸਾਹ ਵੀ ਕੁਝ ਰੁਕੇ ਰੁਕੇ, ਸਾਰੇ ਪਾਸੇ ਧੂੰਆਂ ਧੂੰਆਂ।''
ਉਸ ਨੇ ਪੁੱਛਿਆ, ''ਅਜੇ ਤੱਕ ਇਸ਼ਕ ਵਿੱਚ ਏਂ?''
ਮੈਂ ਕਿਹਾ, ''ਨਹੀਂ, ਦਿੱਲੀ ਵਿੱਚ ਹਾਂ।''

*********

ਪਿੰਕੀ, 'ਕਿੰਨੀ ਵੀ ਠੰਡ ਪੈ ਜਾਵੇ ਪਰ ਮੈਂ ਰੋਜ਼ ਨਹਾਉਂਦੀ ਹਾਂ'।
ਪ੍ਰਿੰਸ, 'ਉਏ ਮੈਂ ਤਾਂ ਠੰਡ ਵਿੱਚ 2 ਵਾਰ ਨਹਾਉਂਦਾ ਹਾਂ'।
ਪਿੰਕੀ, 'ਵਾਉ! ਤੂੰ ਤਾਂ ਬਹੁਤ ਪਿਆਰਾ ਏਂ'।
ਪ੍ਰਿੰਸ, 'ਓ ਨਹੀਂ ਪਾਗਲ,ਮੈਂ ਦੋ ਵਾਰ ਨਹਾਉਂਦਾ ਹਾਂ ਪਰ ਮਹੀਨੇ ਵਿੱਚ'।

*********

ਬਬਲੂ, ' ਤੈਨੂੰ ਕਿਹੋ ਜਿਹੀ ਪਤਨੀ ਚਾਹੀਦੀ ਹੈ?'
ਸ਼ੇਖਰ, 'ਚੰਨ ਵਰਗੀ'।
ਬਬਲੂ, 'ਚੰਨ ਵਰਗੀ ,ਮਤਲਬ?
ਸ਼ੇਖਰ, " ਜੋ ਰਾਤ ਨੂੰ ਆਵੇ ਅਤੇ ਸਵੇਰੇ ਹੁੰਦੇ ਹੀ ਚਲੀ ਜਾਵੇ'।

*********

ਰਿੰਕੂ, 'ਭਾਈ , ਬੱਸ ਸਟੈਂਡ ਜਾਣ ਦੇ ਕਿੰਨੇ ਪੈਸੇ ਲਵੇਂਗਾ''?
ਰਿਕਸ਼ੇ ਵਾਲਾ,:-'30 ਰੁਪਏ ਲੱਗਣਗੇ।
ਰਿੰਕੂ,:- '15 ਰੁਪਏ ਲੈ ਲੈਣਾ'।
ਰਿਕਸ਼ੇ ਵਾਲਾ,' 'ਸਾਹਿਬ ਇੰਨੇ ਪੈਸਿਆ ਵਿੱਚ ਕੌਣ ਲੈ ਜਾਵੇਗਾ?'
ਰਿੰਕੂ:- ' ਤੂੰ ਪਿੱਛੇ ਬੈਠ, ਮੈਂ ਤੈਨੂੰ ਲੈ ਚਲਦਾਂ ਹਾਂ'।

*********

ਪੁਲਿਸ:-ਅਸੀਂ ਤੁਹਾਡੇ ਘਰ ਦੀ ਤਲਾਸ਼ੀ ਲੈਣੀ ਹੈ ਸੁਣਿਐ ਤੁਹਾਡੇ ਘਰ ਵਿੱਚ ਵਿਸਫੋਟਕ ਸਮੱਗਰੀ ਹੈ?
ਪਤੀ :-ਸਾਹਿਬ ਖ਼ਬਰ ਤਾਂ ਪੱਕੀ ਹੈ ਪਰ..
ਪੁਲਸ:- (ਹੈਰਾਨੀ ਨਾਲ) ਪਰ ਕੀ?
ਪਤੀ :ਅੱਜ ਉਹ ਪੇਕੇ ਗਈ ਹੋਈ ਹੈ।

*********

ਬਾਪ ਨੇ ਬੇਟੇ ਦੇ ਪਾਈ ਹੋਈ ਜੈਕਟ ਦੀ ਤਲਾਸ਼ੀ ਲਈ ਸਿਗਰਟ, ਬੀਅਰ ਤੇ ਲੜਕੀਆਂ ਦੇ ਨੰਬਰ ਨਿਕਲੇ! ਬਾਪ ਨੇ ਬਹੁਤ ਮਾਰਿਆ ਪੁੱਛਿਆ ਕਦੋਂ ਤੋਂ ਚੱਲ ਰਿਹਾ ਹੈ ਸਭ?
ਪੁੱਤਰ:- (ਰੋਂਦੇ ਹੋਏ)ਪਾਪਾ ਇਹ ਜੈਕਟ ਤਾਂ ਤੁਹਾਡੀ ਹੈ!

*********

ਪੱਪੂ :-ਪਾਪਾ ਮੈਨੂੰ ਮੈਡਮ ਰੋਜ਼ ਮਾਰਦੀ ਹੈ!
ਪਾਪਾ :- ਤੂੰ ਡਰ ਨਾ ਬੇਟਾ ਤੂੰ ਤਾਂ ਸ਼ੇਰ ਦਾ ਬੱਚਾ ਏ!
ਪੱਪੂ :-ਮੈਡਮ ਵੀ ਇਹੀ ਕਹਿੰਦੀ ਹੈ!
ਪਾਪਾ:ਕੀ?
ਪੱਪੂ :-ਕਿਸ ਜਾਨਵਰ ਦੀ ਔਲਾਦ ਏ ਕੁਝ ਪੜ੍ਹਦਾ ਹੀ ਨਹੀਂ!

*********

ਇੱਕ ਸੱਸ ਨੇ ਨੂੰਹ ਤੋਂ ਪੁੱਛਿਆ 'ਮੰਨ ਲਓ ਜੇਕਰ ਤੂੰ ਬੈੱਡ ਤੇ ਬੈਠੀ ਹੋਵੇ ਤੇ ਮੈਂ ਵੀ ਉਸ ਤੇ ਆ ਕੇ ਬੈਠ ਜਾਵਾਂ ਤਾਂ ਤੂੰ ਕੀ ਕਰੇਂਗੀ?
ਨੂੰਹ:- ਤਾਂ ਮੈਂ ਉੱਠ ਕੇ ਸੋਫੇ ਤੇ ਬੈਠ ਜਾਵਾਂਗੀ!
ਸੱਸ:- ਜੇਕਰ ਮੈਂ ਵੀ ਆ ਕੇ ਸੋਫੇ ਤੇ ਬੈਠ ਜਾਵਾਂ ਤਾਂ ਕੀ ਕਰੇਂਗੀ?
ਨੂੰਹ: ਮੈਂ ਜ਼ਮੀਨ ਤੇ ਬੈਠ ਜਾਵਾਂਗੀ!
ਸੱਸ: ਜੇਕਰ ਮੈਂ ਜ਼ਮੀਨ ਵਿੱਚ ਨਾ ਬੈਠ ਗਈ ਤਾਂ ਕੀ ਕਰੇਂਗੀ?
ਨੂੰਹ:- ਤਾਂ ਮੈਂ ਜ਼ਮੀਨ ਵਿੱਚ ਟੋਆ ਪੁੱਟਕੇ ਉਸ ਵਿੱਚ ਬੈਠ ਜਾਵਾਂਗੀ!
ਸੱਸ :- ਜੇਕਰ ਮੈਂ ਟੋਏ ਵਿਚ ਵੀ ਆ ਕੇ ਬੈਠ ਗਈ ਤਾਂ? ਨੂੰਹ: ਮੈਂ ਉਥੇ ਮਿੱਟੀ ਪਾ ਕੇ ਕਹਾਣੀ ਹੀ ਖਤਮ ਕਰ ਦੇਵਾਂਗੀ!

*********

ਪਤੀ ਪਤਨੀ ਨੂੰ:- ਮੈਂ ਤੇਰੇ ਨਾਲ ਬਹੁਤ ਪਿਆਰ ਕਰਦਾ ਹਾਂ!
ਪਤਨੀ :-ਤਾਂ ਕੀ ਮੈਂ ਤੁਹਾਨੂੰ ਨਹੀਂ ਕਰਦੀ? ਮੈਂ ਤਾਂ ਤੁਹਾਡੇ ਲਈ ਸਾਰੀ ਦੁਨੀਆਂ ਨਾਲ ਲੜ ਸਕਦੀ ਹਾਂ!
ਪਤੀ:- ਪਰ ਤੂੰ ਤਾਂ ਦਿਨ ਰਾਤ ਮੇਰੇ ਨਾਲ ਹੀ ਲੜਦੀ ਰਹਿੰਦੀ ਹੈ?
ਪਤਨੀ :-ਜੀ ਤੁਸੀਂ ਹੀ ਤਾਂ ਮੇਰੀ ਦੁਨੀਆਂ ਹੋ!

*********

ਕਿਟ-ਕਿਟ ਦੀ ਆਵਾਜ਼ ਆ ਰਹੀ ਸੀ
ਪਤਨੀ ਨੇ ਪਤੀ ਨੂੰ ਕਿਹਾ 'ਜਾ ਕੇ ਦੇਖਿਉ ਚੂਹੇ ਕੱਪੜੇ ਕੁਤਰ ਰਹੇ ਹਨ!
ਪਤੀ:ਕੰਬਦੇ ਹੋਏ.. ਸਾਰੀ ਰਜ਼ਾਈ ਤੂੰ ਖਿੱਚ ਲਈ ਮੇਰੇ ਹੀ ਦੰਦ ਕਿਟਕਿਟ ਕਰ ਰਹੇ ਹਨ!

*********

ਪੁੱਤਰ:ਪਾਪਾ ਇੱਕ ਗਲਾਸ ਪਾਣੀ ਦੇਣਾਂ!
ਪਾਪਾ:- ਖੁਦ ਉੱਠ ਕੇ ਪੀ ਲੈ!
ਪੁੱਤਰ ;-ਪਲੀਜ਼ ਲਿਆਦੋਂ ਨਾ!
ਪਾਪਾ :-ਜੇਕਰ ਹੁਣ ਪਾਣੀ ਮੰਗਿਆਂ ਤਾਂ ਥੱਪੜ ਮਾਰਾਂਗਾ ਪੁੱਤਰ:-ਥੱਪੜ ਮਾਰਨ ਆਏ ਪਾਣੀ ਦਾ ਗਲਾਸ ਲੈਂਦੇ ਆਈਓ !

*********

ਸਿਪਾਹੀ ਘਟਨਾ ਸਥਾਨ ਤੋਂ ਠਾਣੇਦਾਰ ਨੂੰ ਫੋਨ ਲਗਾ ਕੇ ਬੋਲਿਆ 'ਜਨਾਬ ਇੱਥੇ ਔਰਤ ਨੇ ਆਪਣੇ ਪਤੀ ਨੂੰ ਗੋਲੀ ਮਾਰ ਦਿੱਤੀ'।
ਥਾਣੇਦਾਰ ; ''ਕਿਉਂ''।
ਸਿਪਾਹੀ : 'ਕਿਉਂਕਿ ਉਸ ਦਾ ਪਤੀ ਪੋਚੇ ਲੱਗੇ ਹੋਏ ਗਿੱਲੇ ਫ਼ਰਸ਼ ਤੇ ਚੱਲਣ ਲੱਗਾ ਸੀ! ਥਾਣੇਦਾਰ :-ਤੂੰ ਉਸ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ? ਸਿਪਾਹੀ: ਨਹੀਂ ਸਰ ਪੋਚਾ ਅਜੇ ਸੁੱਕਿਆ ਨਹੀਂ ਹੈ!

*********

ਸਿਪਾਹੀ :-ਚੱਲ ਮੇਰੇ ਭਰਾ ਤੇਰੀ ਫਾਂਸੀ ਦਾ ਸਮਾਂ ਹੋ ਗਿਆ ਹੈ!
ਕੈਦੀ: ' ਪਰ ਮੈਨੂੰ ਤਾਂ ਫ਼ਾਂਸੀ 20 ਦਿਨ ਬਾਅਦ ਹੋਣ ਵਾਲੀ ਸੀ'!
ਸਿਪਾਹੀ "ਜੇਲ੍ਹਰ ਸਾਹਿਬ ਕਹਿ ਗਏ ਹਨ ਕਿ ਤੂੰ ਉਨ੍ਹਾਂ ਦੇ ਪਿੰਡ ਦਾ ਹੈ ਇਸ ਲਈ ਤੇਰਾ ਕੰਮ ਪਹਿਲਾਂ !'

*********

ਪੱਪੂ ਇਲੈਕਸ਼ਨ ਵਿੱਚ ਖੜ੍ਹਾ ਹੋਇਆ ਉਸ ਨੂੰ ਸਿਰਫ਼ ਤਿੰਨ ਵੋਟ ਮਿਲੇ ਉਸ ਨੇ ਪੁਲਿਸ ਤੋ ਜ਼ੈੱਡ ਸਕਿਓਰਿਟੀ ਮੰਗੀ! ਪੁਲੀਸ:- 'ਸਕਿਉਰਿਟੀ ਕਿਉ ਚਾਹੀਦੀਆਂ?'
ਪੱਪੂ:- 'ਜੇ ਸ਼ਹਿਰ ਵਿੱਚ ਇੰਨੇ ਲੋਕ ਮੇਰੇ ਖ਼ਿਲਾਫ਼ ਹਨ ਉੱਥੇ ਤਾਂ ਮੈਨੂੰ ਸੁਰੱਖਿਆ ਚਾਹੀਦੀ ਹੈ!'

*********

ਗੋਲੂ ਪਤਨੀ ਨੂੰ ' ਤੁਸੀਂ ਦਿਨ-ਬਦਿਨ ਖੂਬਸੂਰਤ ਹੁੰਦੇ ਜਾ ਰਹੇ!'
ਪਤਨੀ: (ਖ਼ੁਸ਼ ਹੋ ਕੇ) 'ਤੁਹਾਨੂੰ ਕਿਸ ਤਰਾਂ ਪਤਾ ਲੱਗਾ?'' ਗੋਲੂ: " ਤੈਨੂੰ ਵੇਖ ਕੇ ਰੋਟੀਆਂ ਵੀ ਸੜ੍ਹਨ ਲੱਗ ਪਈਆਂ ਹਨ!'

*********

ਹਨੀ ਨੇ ਆਪਣੀ ਮੰਮੀ ਨੂੰ ਕਿਹਾ, ''ਮਾਂ ਮੇਰੇ ਤੋਂ ਪੜ੍ਹਾਈ ਨਹੀਂ ਹੁੰਦੀ।''
''ਲੱਗਦਾ ਹੈ, ਬੇਟਾ, ਤੇਰੇ ਸਰੀਰ ਵਿੱਚ 'ਵਿਟਾਮਿਨ ਚੱਪਲ' ਦੀ ਕਮੀ ਹੋ ਗਈ ਹੈ।''

*********

ਕੁੜੀ, ''ਪਰਸੋਂ ਮੇਰਾ ਵਿਆਹ ਹੈ, ਹੁਣ ਕਿਉਂ ਆਇਆ ਏਂ ਮੇਰੀ ਜ਼ਿੰਦਗੀ ਵਿੱਚ ਵਾਪਸ?''
ਮੁੰਡਾ, 'ਟੈਂਟ ਲਾਉਣ ਦਾ ਆਰਡਰ ਸਾਨੂੰ ਮਿਲਿਆ ਹੈ, ਤੇਰੇ ਚੱਕਰ ਵਿੱਚ ਕੀ ਕੰਮ-ਧੰਦਾ ਵੀ ਛੱਡ ਦਿਆਂ?''

*********

ਪਾਪਾ, ''ਤੇਰੇ ਸਕੂਲ ਵਾਲਿਆਂ ਨੇ ਮੈਨੂੰ ਬੁਲਾਇਆ ਹੈ। ਜ਼ਰੂਰ ਤੂੰ ਕੋਈ ਸ਼ੈਤਾਨੀ ਕੀਤੀ ਹੋਵੇਗੀ?''
ਸੋਨੀ, ''ਨਹੀਂ ਪਾਪਾ। ਮੈਂ ਤਾਂ ਕੁਝ ਨਹੀਂ ਕੀਤਾ।''
ਪਾਪਾ, ''...ਤਾਂ ਫਿਰ ਉਨ੍ਹਾਂ ਨੇ ਮੈਨੂੰ ਕਿਉਂ ਬੁਲਾਇਆ?''
ਸੋਨੀ, ''ਪਤਾ ਨਹੀਂ। ਮੈਂ ਤਾਂ ਕਲਾਸ ਵਿੱਚ ਚੁੱਪਚਾਪ ਸੌਂ ਰਹੀ ਸੀ।''

*********

ਮਾਸਟਰ ਜੀ ਨੇ ਪੱਪੂ ਤੋਂ ਪੁੱਛਿਆ, ''ਜੇ ਇੱਕ ਪਾਸੇ ਪੈਸਾ ਅਤੇ ਦੂਜੇ ਪਾਸੇ ਅਕਲ ਹੋਵੇ ਤਾਂ ਤੁਸੀਂ ਕੀ ਚੁਣੋਗੇ?''
ਪੱਪੂ, ''ਮੈਂ ਤਾਂ ਪੈਸਾ ਚੁਣਾਂਗਾ।''
ਮਾਸਟਰ ਜੀ, ''ਗਲਤ, ਜੇ ਤੇਰੀ ਜਗ੍ਹਾ ਮੈਂ ਹੁੰਦਾ ਤਾਂ ਅਕਲ ਚੁਣਦਾ।''
ਪੱਪੂ ਬੋਲਿਆ: ''ਤੁਸੀਂ ਸਹੀ ਕਹਿ ਰਹੇ ਹੋ ਸਰ, ਜਿਸ ਕੋਲ ਜਿਸ ਚੀਜ਼ ਦੀ ਬਾਹਲੀ ਕਮੀ ਹੁੰਦੀ ਹੈ, ਉਹ ਉਸੇ ਨੂੰ ਚੁਣਦਾ ਹੈ।'' ਪੱਪੂ ਬੋਲਿਆ।

*********

ਪਿਤਾ ਨੇ ਆਪਣੇ ਬੇਟੇ ਨੂੰ ਕਿਹਾ, ''ਇੱਕ ਜ਼ਮਾਨਾ ਸੀ, ਜਦੋਂ ਮੈਂ ਦਸ ਰੁਪਏ 'ਚ ਦਾਲ, ਸਬਜ਼ੀ, ਦੁੱਧ, ਖੰਡ ਆਦਿ ਸਾਰਾ ਕੁਝ ਲੈ ਆਉਂਦਾ ਸੀ।'' ਬੇਟਾ, ''ਪਿਤਾ ਜੀ ਉਸ ਜ਼ਮਾਨੇ ਦੀ ਗੱਲ ਹੋਰ ਸੀ। ਉਦੋਂ ਦੁਕਾਨਾਂ 'ਚ ਸੀ ਸੀ ਟੀ ਵੀ ਕੈਮਰੇ ਨਹੀਂ ਲੱਗੇ ਸਨ।''



SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886
SINGH THIND & ASSOCIATES
BARRISTERS & SOLICITORS

# ਸ਼ਹੀਦ ਭਾਈ ਦਰਸ਼ਨ ਸਿੰਘ

ਸਿੱਖੀ ਨੂੰ ਢਾਅ ਲਗਾਉਣ ਵਾਲੇ ਕਥਿਤ ਸਾਧ ਆਸ਼ੂਤੋਸ਼ ਵਿਰੁੱਧ ਲੁਧਿਆਣਾ ਵਿਖੇ 5 ਦਸੰਬਰ ਨੂੰ ਕੀਤੇ ਗਏ ਰੋਸ ਪ੍ਰਦਰਸ਼ਨ ਦੌਰਾਨ ਸ਼ਹੀਦ ਹੋਏ ਭਾਈ ਦਰਸ਼ਨ ਸਿੰਘ ਬੋਪਾਰਾਏ ਦੀ ਸ਼ਹੀਦੀ ਨੇ ਇਲਾਕਾ ਰਾੜਾ ਸਾਹਿਬ ਦੀ ਧਰਤੀ ਦੀ ਇੱਜ਼ਤ ਅਤੇ ਮਾਣ ਦੇਸ਼-ਵਿਦੇਸ਼ ਵਿੱਚ ਵਧਾਉਂਦਿਆਂ ਹੋਇਆ ਉਨ੍ਹਾਂ ਸੰਤਾਂ ਮਹਾਂਪੁਰਸ਼ਾਂ ਦੇ ਉਪਦੇਸ਼ਾਂ ਦੀ ਲਾਜ ਰੱਖ ਲਈ ਹੈ ਜਿਨ੍ਹਾਂ ਨੇ ਸ਼੍ਰੀ ਗੁਰੂ




ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਦਿਆਂ ਦੇਸ਼-ਵਿਦੇਸ਼ ਦੀ ਸੰਗਤ ਨੂੰ ਗੁਰੂ ਲੜ ਲਾਉਂਦਿਆਂ ਆਪਣਾ ਤਨ ਮਨ ਗੁਰੂ ਜੀ ਦੇ ਅਰਪਣ ਕਰਕੇ ਜੀਵਨ ਸਫ਼ਲਾ ਕਰਨ ਦੇ ਵਚਨ ਕੀਤੇ ਸਨ।

ਸ਼ਹੀਦ ਭਾਈ ਦਰਸ਼ਨ ਸਿੰਘ ਬੋਪਾਰਾਏ ਦਾ ਜੱਦੀ ਪਿੰਡ ਘੁੜਾਨੀ ਨੇੜੇ ਰਾੜਾ ਸਾਹਿਬ ਵਿਖੇ ਹੈ। ਪ੍ਰੰਤੂ ਉਹ ਆਪਣੀ ਕਿਰਤ ਕਮਾਈ ਕਰਨ ਦੀ ਸਹੂਲਤ ਕਾਰਨ ਪਿਛਲੇ 16 ਸਾਲਾਂ ਤੋਂ ਲੁਧਿਆਣਾ ਨੇੜੇ ਪਿੰਡ ਲੋਹਾਰਾ ਵਿਖੇ ਰਹਿ ਰਹੇ ਸਨ। ਆਪਣੇ ਪਰਿਵਾਰ ਦਾ ਪੇਟ ਪਾਲਣ ਲਈ ਉਹ ਆਟੋ ਰਿਕਸ਼ਾ ਚਲਾਉਂਦੇ ਸਨ। ਉਨ੍ਹਾਂ ਦੇ ਦੋ ਸਪੁੱਤਰ ਵੱਡਾ ਗੁਰਪ੍ਰੀਤ ਸਿੰਘ ਅਤੇ ਛੋਟਾ ਜਸਵੰਤ ਸਿੰਘ ਹੈ। ਲੜਕੀ ਅਮਨਪ੍ਰੀਤ ਕੌਰ ਵਿਆਹੀ ਹੋਈ ਹੈ ਅਤੇ ਮੁੱਲਾਂਪੁਰ ਵਿਖੇ ਰਹਿ ਰਹੀ ਹੈ। ਭਾਈ ਦਰਸ਼ਨ ਸਿੰਘ ਬੋਪਾਰਾਏ ਦਾ ਇਕ ਭਰਾ ਮੁਖਤਿਆਰ ਸਿੰਘ ਬੋਪਾਰਾਏ ਯੂ.ਪੀ. ਵਿੱਚ ਜ਼ਿਲ੍ਹਾ ਛਾਇਆਪੁਰ ਦੇ ਪਿੰਡ ਬੰਡਾ ਵਿਖੇ ਰਹਿ ਰਿਹਾ ਹੈ ਅਤੇ ਖੇਤੀਬਾੜੀ ਦੇ ਕੰਮ ਵਿੱਚ ਰੁਝਿਆ ਹੋਇਆ ਹੈ। ਉਸ ਦੇ ਵੀ ਦੋ ਪੁੱਤਰ ਹਨ ਜਸਵਿੰਦਰ ਸਿੰਘ ਅਤੇ ਕੁਲਵਿੰਦਰ ਹਨ।

ਭਾਈ ਦਰਸ਼ਨ ਸਿੰਘ ਬੀਤੇ 15 ਸਾਲਾਂ ਤੋਂ ਲੁਧਿਆਣਾ ਵਿਖੇ ਆਟੋ ਰਿਕਸ਼ਾ ਚਲਾ ਰਿਹਾ ਸੀ। ਇਸ ਦੇ ਨਾਲ ਹੀ ਉਨ੍ਹਾਂ ਦੀ ਸਿੱਖੀ ਪ੍ਰਤੀ ਵੀ ਅਤੁੱਟ ਸ਼ਰਧਾ ਸੀ। ਆਪਣੀ ਸਿੱਖੀ ਸੇਵਾ ਸਿਮਰਨ ਦੀ ਰੂਹਾਨੀ ਖ਼ੁਰਾਕ ਦੀ ਪੂਰਤੀ ਲਈ ਉਹ ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਜਾਣਨ ਅਤੇ ਵੱਧ ਤੋਂ ਵੱਧ ਗੁਰੂ ਜਸ ਸੁਣਨ ਲਈ ਦੇਸ਼-ਵਿਦੇਸ਼ ਵਿੱਚ ਸਿੱਖੀ ਪ੍ਰਚਾਰ ਲਈ ਪ੍ਰਮੁੱਖ ਸਥਾਨ ਰੱਖਦੇ ਸਨ।

ਲੁਧਿਆਣਾ ਵਿਖੇ ਰੋਸ ਮਾਰਚ ਬਾਰੇ ਵੀ ਜਦੋਂ ਉਨ੍ਹਾਂ ਨੇ ਅਪੀਲ ਪੜ੍ਹੀ ਤਾਂ ਉਹ ਆਪਣੇ-ਆਪ ਨੂੰ ਰੋਕ ਨਹੀਂ ਸਕੇ ਅਤੇ ਉਸ ਜੱਥੇ ਦੀ ਪਹਿਲੀ ਕਤਾਰ ਵਿੱਚ ਸ਼ਾਮਿਲ ਹੋ ਗਏ ਜੋ ਪੁਲਿਸ ਦੀਆਂ ਗੋਲੀਆਂ ਅਤੇ ਖਿੱਚ ਧੂਹ ਦਾ ਸਭ ਤੋਂ ਪਹਿਲਾਂ ਸ਼ਿਕਾਰ ਹੋਇਆ। ਭਾਈ ਦਰਸ਼ਨ ਸਿੰਘ ਦੀ ਸ਼ਹੀਦੀ ਨੇ ਇਤਿਹਾਸ ਦੇ ਉਨ੍ਹਾਂ ਵਰਕਿਆਂ ਨੂੰ ਫੇਰ ਦੁਹਰਾਇਆ ਹੈ ਕਿ ਸਿੱਖੀ ਦੀ ਜੜ੍ਹ ਗ਼ਰੀਬ ਸਿੱਖਾਂ ਵਿੱਚ ਹੈ ਅਤੇ ਇਨ੍ਹਾਂ ਗ਼ਰੀਬ ਸਿੱਖਾਂ ਦੀ ਬਦੌਲਤ ਹੀ ਸਿੱਖੀ ਹੋਰ ਧਰਮਾਂ ਤੋਂ ਵਧੇਰੇ ਆਤਮਿਕ ਅਤੇ ਅਧਿਆਤਮਕ ਤੌਰ ‘ਤੇ ਮਜਬੂਤ ਹੋ ਰਹੀ ਹੈ। ਸ਼ਹੀਦ ਭਾਈ ਦਰਸ਼ਨ ਸਿੰਘ ਦੇ ਪਰਿਵਾਰ ਵੱਲੋਂ ਜੋ ਸਿਦਕ ਅਤੇ ਸਬਰ ਵਿਖਾਇਆ ਜਾ ਰਿਹਾ ਹੈ, ਉਹ ਇਸ ਗੱਲ ਦਾ ਪ੍ਰਤੀਕ ਹੈ ਕਿ ਸਮੁੱਚੇ ਪਰਿਵਾਰ ਵਿੱਚ ਸਿੱਖੀ ਦੀ ਮੂਲ ਭਾਵਨਾ ਤਿਆਗ ਅਤੇ ਕੁਰਬਾਨੀ ਕੁੱਟ-ਕੁੱਟ ਕੇ ਭਰੀ ਹੋਈ ਹੈ।

ਕੌਮ ਦੇ ਇਹਨਾਂ ਲਾਸਾਨੀ ਸ਼ਹੀਦਾਂ ਸੂਰਮਿਆਂ ਨੂੰ ਹਮੇਸ਼ਾਂ ਯਾਦ ਰੱਖਣਾਂ ਚਾਹੀਦਾ ਹੈ।

# 75 ਸਾਲ ਆਜ਼ਾਦੀ ਦੇ ਪੁੱਛਦੇ ਨੇ ਆਹ ਬੰਦਾ ਵਿਕਸਤ ਕੀਤਾ?



ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਕਸ਼ਮੀਰ ਤੋ ਆਏ ਸੇਬਾਂ ਦੇ ਟਰੱਕ ਦਾ ਪਲਟਣਾ ਕਈ ਸੁਆਲ ਖੜ੍ਹੇ ਕਰਦਾ ਹੈ।ਸੇਬਾਂ ਦੀਆਂ ਪੇਟੀਆਂ ਚੁੱਕ ਕੇ ਲੈ ਜਾਣ ਜਾਣ ਵਾਲੇ ਸੇਬਾਂ ਦੇ ਚੋਰ ਨਹੀਂ ਹਨ, ਲਾਲਚੀ ਹਨ। ਲਾਲਚ ਸਾਡੀ ਵਿਹਾਰ ਹੈ ਜਿਸ ਨੂੰ ਵਿਚਾਰਨਾ ਬਣਦਾ ਹੈ। ਜਿਹੜੇ ਕਾਰਾਂ ਵਾਲੇ ਪੇਟੀਆਂ ਲੈ ਗਏ, ਉਹ ਤਾਂ ਦੁੱਧ ਧੋਤੇ ਰਹਿ ਗਏ, ਜਿਹੜੇ ਨਾਲ ਦੇ ਪਿੰਡਾਂ ਵਾਲੇ ਸਿਰਾਂ ਤੇ ਢੋਂਦੇ ਵੀਡੀਉ ‘ਚ ਵੇਖੇ ਗਏ ਉਹ ਚੋਰੀ ‘ਚ ਫੜੇ ਗਏ।ਇਹ ਇਨਸਾਫ਼ ਪ੍ਰਬੰਧ ਹੀ ਸਾਨੂੰ ਇਸ ਵੱਡੇ ਟੋਏ ਤੀਕ ਲੈ ਕੇ ਆਇਆ ਹੈ।ਫ਼ਲ ਖਾਣ ਲਈ ਹਾਸਲ ਹੋਵੇ ਤਾਂ ਬੰਦਾ ਮੁਕਾਬਲਤਨ ਲਾਲਚ ਘੱਟ ਕਰਦਾ ਹੈ ਪਰ ਅਸੀਂ ਤਾਂ ਪੰਜਾਬ ’ਚ ਫ਼ਲਦਾਰ ਰੁੱਖਾਂ ਨੂੰ ਸੜਕਾਂ ਕੰਢਿਉਂ ਹਟਾ ਹੀ ਦਿੱਤਾ ਹੈ।ਅਸੀਂ ਬਚਪਨ ‘ਚ ਖ਼ੁਦ ਸੜਕਾਂ ਕੰਢੇ ਲੱਗੇ ਅੰਬ ਚੂਪਦੇ ਰਹੇ ਹਾਂ, ਜਾਮਨੂੰ ਖਾਂਦੇ ਰਹੇ ਹਾਂ।ਇਸ ਸੇਬ ਲੁੱਟ ਘਟਨਾ ਨੂੰ ਸਰਕਾਰ ਗੰਭੀਰਤਾ ਨਾਲ ਲਵੇ ਕਿ ਲੋਕ ਚੋਰੀ ਕਦੋਂ ਤੇ ਕਿਉਂ ਕਰਦੇ ਹਨ? ਇਹ ਮਸਲਾ ਨਹੀਂ ਸੀ, ਜੋ ਨਜਿੱਠਿਆ ਗਿਆ, ਇਹ ਕੈਂਸਰ ਵਰਗਾ ਰੋਗ ਹੈ ਜਿਸ ਨੂੰ ਲੰਮੀ ਮਿਆਦ ਵਾਲੀ ਯੋਜਨਾ ਵਜੋਂ ਵਿਉਂਤਣ ਤੇ ਲਾਗੂ ਕਰਨ ਦੀ ਲੋੜ ਹੈ। ਸਮਾਜਿਕ ਪੌਸ਼ਟਿਕਤਾ ਸੁਰੱਖਿਅਤ ਰੱਖਣਾ ਵੀ ਤਾਂ ਜ਼ਰੂਰੀ ਹੈ।ਰੱਬ ਦਾ ਵਾਸਤਾ ਜੇ ਸੇਬਾਂ ਦਾ ਲਾਲਚ ਕਰਨ ਵਾਲਿਆਂ ਨੂੰ ਚੋਰ ਨਾ ਕਹੋ।ਚੋਰ ਨਹੀਂ, ਚੋਰ ਦੀ ਮਾਂ ਨੂੰ ਮਾਰੋ।ਏਦਾਂ ਦੇ ਵਿਹਾਰ ਨਾਲ ਸਾਡੇ ਸਮੁੱਚੇ ਨਿਜ਼ਾਮ ਵਿੱਚ ਬੈਠੇ ਹਰ ਨਸਲ ਦੇ ਡਾਕੂ ਬਚੇ ਰਹਿਣਗੇ ਤੇ ਕਾਨੂੰਨ ਤੰਤਰ ਲਾਗੂ ਕਰਨ ਵਾਲੇ ਮਹਿਕਮੇ ਇਸ ਕਿਸਮ ਦੀਆਂ ਘਟਨਾਵਾਂ ਤੇ ਅਹੁਰਾਂ ਜਾਂਚਣ ਵਿੱਚ ਰੁੱਝੇ ਰਹਿਣਗੇ। ਆਖ਼ਰੀ ਗੱਲ ਇਹ ਹੈ ਕਿ ਪੰਜਾਬ ਦਾ ਚਿਹਰਾ ਮੋਹਰਾ ਸੰਵਾਰਨ ਲਈ ਸਭ ਨੂੰ ਆਪਣੇ ਅੰਦਰਲੇ ਨਿੱਕੇ ਮੋਟੇ ਸਾਰੇ ਚੋਰ ਮਾਰਨੇ ਪੈਣਗੇ। ਦਸ ਦੱਖ ਦੇ ਕੇ ਮੂੰਹ ਤੇ ਪਈਆਂ ਘਰਾਲ਼ਾਂ ਨਹੀਂ ਸਾਫ਼ ਹੋਣੀਆਂ। ਉਂਞ ਦਾਨਵੀਰਾਂ ਦਾ ਵੀ ਬਹੁਤ ਧੰਨਵਾਦ!

**ਗੁਰਭਜਨ ਸਿੰਘ ਗਿੱਲ**


# ਕੋਈ ਭੁੱਖੇ ਢਿੱਡ ਨਾ ਸੌਂਵੇ, ਆਖ਼ਰੀ ਵਿਅਕਤੀ ਤੱਕ ਅਨਾਜ ਪਹੁੰਚਾਉਣਾ ਸਰਕਾਰ ਦੀ ਜ਼ਿੰਮੇਵਾਰੀ:ਸੁਪਰੀਮ ਕੋਰਟ

ਨਵੀਂ ਦਿੱਲੀ:ਸੁਪਰੀਮ ਕੋਰਟ ਨੇ ਕਿਹਾ ਕਿ ਇਹ ਸਾਡਾ ਸੱਭਿਆਚਾਰ ਹੈ ਕਿ ਕਿਸੇ ਨੂੰ ਵੀ ਭੁੱਖੇ ਢਿੱਡ ਨਹੀਂ ਸੌਣਾ ਚਾਹੀਦਾ।ਅਦਾਲਤ ਨੇ ਕੇਂਦਰ ਸਰਕਾਰ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਰਾਸ਼ਟਰੀ ਖ਼ੁਰਾਕ ਸੁਰੱਖਿਆ ਕਾਨੂੰਨ (ਐਨਐਸਐਫਐਸ) ਦੇ ਤਹਿਤ ਅਨਾਜ ਆਖਰੀ ਵਿਅਕਤੀ ਤੱਕ ਪਹੁੰਚੇ।

ਜਸਟਿਸ ਐਮਆਰ ਸ਼ਾਹ ਅਤੇ ਜਸਟਿਸ ਹਿਮਾ ਕੋਹਲੀ ਦੀ ਬੈਂਚ ਨੇ ਕੇਂਦਰ ਨੂੰ ਇਸਰਾਮ ਪੋਰਟਲ ‘ਤੇ ਰਜਿਸਟਰਡ ਪ੍ਰਵਾਸੀ ਅਤੇ ਅਸੰਗਠਿਤ ਖੇਤਰ ਦੇ ਮਜ਼ਦੂਰਾਂ ਦੀ ਗਿਣਤੀ ਦੇ ਨਾਲ ਇਕ ਤਾਜ਼ਾ ਸਾਰਣੀ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ।ਬੈਂਚ ਨੇ ਕਿਹਾ, “ਇਹ ਯਕੀਨੀ ਕਰਨਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਐਨਐਫਐਸਏ ਤਹਿਤ ਅਨਾਜ ਆਖਰੀ ਵਿਅਕਤੀ ਤੱਕ ਪਹੁੰਚੇ।

ਅਸੀਂ ਇਹ ਨਹੀਂ ਕਹਿ ਰਹੇ ਕਿ ਕੇਂਦਰ ਕੁਝ ਨਹੀਂ ਕਰ ਰਿਹਾ। ਕੇਂਦਰ ਸਰਕਾਰ ਨੇ ਕੋਵਿਡ ਦੌਰਾਨ ਲੋਕਾਂ ਨੂੰ ਅਨਾਜ ਮੁਹੱਈਆ ਕਰਵਾਇਆ ਹੈ।ਸਾਨੂੰ ਇਹ ਵੀ ਦੇਖਣਾ ਹੋਵੇਗਾ ਕਿ ਇਹ ਜਾਰੀ ਰਹੇ। ਸਾਡਾ ਸੱਭਿਆਚਾਰ ਹੈ ਕਿ ਕਿਸੇ ਨੂੰ ਵੀ ਖਾਲੀ ਪੇਟ ਨਹੀਂ ਸੌਣਾ ਚਾਹੀਦਾ”।


LANGLEY BANQUET HALL



SERVICE AVAILABLE IN SURREY, DELTA, LANGLEY & ALDERGROVE

6 DAY TIFFIN SERVICE
4 DAY VEG / 2 DAY NON VEG
1 DAAL 1 SABZI 8 ROTI WITH RAITA AND DESSERT
220$ a month
OR
6 DAY VEG
1 DAAL 1 SABZI
8 ROTI WITH RAITA AND DESSERT 200$ month

ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ

ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਸ਼੍ਰੋਮਣੀ ਕਮੇਟੀ ਮੈਂਬਰ ਗੁਰਪ੍ਰੀਤ ਝੱਬਰ ਵੱਲੋਂ ਆਸਟ੍ਰੇਲੀਆ ਦੇ ਸਿਡਨੀ ਸਹਿਰ ਵਿਚ ਬੰਦੀ ਸਿੱਖਾਂ ਦੀ ਰਿਹਾਈ ਲਈ ਦਸਤਖ਼ਤੀ ਮੁਹਿਮ ਸੁਰੂ ਕੀਤੀ ਗਈ



ਸਿਡਨੀ:-ਦੇਸ਼ ਦੀਆਂ ਵੱਖ ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਅਨੇਕ ਸਿੱਖਾਂ ਨੂੰ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਰਿਹਾਅ ਨਾ ਕਰਕੇ ਉਨ੍ਹਾਂ ਨਾਲ ਬੇਇਨਸਾਫ਼ੀ ਕੀਤੀ ਜਾ ਰਹੀ ਹੈ।

ਇੰਨ੍ਹਾਂ ਬੰਦੀ ਸਿੱਖਾਂ ਨੂੰ ਰਿਹਾਅ ਕਰਵਾਉਣ ਲਈ ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼ ਭਰ ਦੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿੱਚ ਦੇਸ਼ ਦੇ ਰਾਜਪਾਲ ਦੇ ਨਾਮ ਪੁਰ ਦਸਤਖ਼ਤੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਬੰਦੀ ਸਿੱਖਾਂ ਨੂੰ ਰਿਹਾਅ ਕਰਵਾਉਣ ਲਈ ਸੁਰੂ ਕੀਤੀ ਦਸਤਖ਼ਤੀ ਮੁਹਿੰਮ ਨੂੰ ਵਿਦੇਸ਼ਾਂ ਵਿੱਚ ਗੁਰਦੁਆਰਾ ਸਾਹਿਬਾਨ ਵਿੱਚ ਸੰਗਤਾਂ ਤੋਂ ਦਸਤਖ਼ਤ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਮੈਂਬਰ ਸ੍ਰ ਗੁਰਪ੍ਰੀਤ ਸਿੰਘ ਝੱਬਰ ਵੱਲੋਂ ਉਪਰਾਲਾ ਕਰਦਿਆਂ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਦਫ਼ਤਰ ਤੋਂ ਦਸਤਖ਼ਤ ਮੁਹਿਮ ਸੂਰੂ ਕਰ ਦਿੱਤੀ ਗਈ ਹੈ। ਸ੍ਰ ਝੱਬਰ ਨੇ ਦੱਸਿਆ ਕਿ ਦੇਸ਼ ਦੇ ਕਾਨੂੰਨ ਅਨੁਸਾਰ ਹੀ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਫਾਂਸੀ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਸੀ, ਪਰ ਉਹ ਰਿਹਾਅ ਕਰ ਦਿੱਤੇ ਗਏ।

ਬਿਲਕਿਸ ਬਾਨੋ ਦੇ ਪਰਿਵਾਰ ਦੇ ਕਾਤਲਾਂ ਅਤੇ ਬਲਾਤਕਾਰੀਆਂ ਨੂੰ ਗੁਜਰਾਤ ਸਰਕਾਰ ਵੱਲੋਂ ਰਿਹਾਅ ਕਰ ਦਿੱਤਾ ਗਿਆ ਹੈ। ਸਿੱਖ ਨੌਜੁਆਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨ ਦੇ ਦੋਸ਼ੀ ਪੁਲਿਸ ਅਫ਼ਸਰਾਂ ਨੂੰ ਸੀ.ਬੀ.ਆਈ. ਅਦਾਲਤਾਂ ਵੱਲੋਂ ਉਮਰ ਕੈਦ ਦੀਆਂ ਸਜ਼ਾਵਾਂ ਹੋਣ ਤੋਂ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਹੀ ਰਿਹਾਅ ਕਰ ਦਿੱਤਾ ਗਿਆ, ਪਰ ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਸਤੰਬਰ 2019 ਵਿਚ ਕੁਝ ਬੰਦੀ ਸਿੰਘਾਂ ਦੀ ਰਿਹਾਈ ਲਈ ਜਾਰੀ ਕੀਤਾ ਗਿਆ ਆਪਣਾ ਖੁਦ ਦਾ ਨੋਟੀਫਿਕੇਸ਼ਨ ਵੀ ਲਾਗੂ ਨਹੀਂ ਕੀਤਾ ਗਿਆ। ਇਹ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੈ। ਜਦੋਂ ਦੇਸ਼ ਨੂੰ ਕੁਰਬਾਨੀਆਂ ਦੀ ਲੋੜ ਹੁੰਦੀ ਹੈ ਤਾਂ ਸਿੱਖ ਨੌਜਵਾਨਾਂ ਵੱਲੋਂ ਬਿਨਾਂ ਪਰਵਾਹ ਕੀਤਿਆਂ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਜਾਂਦੀਆਂ ਹਨ।

ਫਿਰ ਵੀ ਸਿੱਖਾਂ ਨਾਲ ਪਤਾ ਨਹੀਂ ਕਿਉਂ ਬੇਇਨਸਾਫ਼ ਕੀਤਾ ਜਾ ਰਿਹਾ ਹੈ।

ਉਹਨਾਂ ਦਸਿਆ ਕਿ ਆਸਟ੍ਰੇਲੀਆ ਦੀਆਂ ਸਿੱਖ ਸੰਗਤਾਂ ਵੱਲੋਂ ਬਹੁਤ ਸਹਿਯੋਗ ਦਿੱਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਆਸਟ੍ਰੇਲੀਆ ਪ੍ਰਧਾਨ ਸ੍ਰ ਕਮਲਜੀਤ ਸਿੰਘ ਵਲੋਂ ਦਸਿਆ ਗਿਆ ਕੇ ਆਸਟ੍ਰੇਲੀਆ ਦੇ ਵੱਖ ਵੱਖ ਸੂਬਿਆਂ ਵਿੱਚ ਬਣੇ ਗੁਰਦੁਆਰਾ ਸਾਹਿਬਾਨ ਵਿੱਚ ਦਸਤਖ਼ਤੀ ਮੁਹਿੰਮ ਚਲਾਈ ਜਾਵੇਗੀ। ਹਰ ਇਕ ਸਿੱਖ ਇਸ ਮੁਹਿਮ ਵਿੱਚ ਸ਼ਾਮਿਲ ਹੋਵੇਗਾ।ਇਸ ਮੌਕੇ ਸ੍ਰ ਕਮਲਜੀਤ ਸਿੰਘ, ਗਿਆਨੀ ਸੰਤੋਖ ਸਿੰਘ ਜੀ, ਭਾਈ ਜਸਵੀਰ ਸਿੰਘ, ਜਸਕੀਰਤ ਸਿੰਘ,ਕਰਨਪਾਲ ਸਿੰਘ, ਪ੍ਰਭਨੂਰ ਸਿੰਘ, ਤੇ ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।




# ਭਾਜਪਾ ਸਰਕਾਰ ਆਪਣੇ ਫਾਇਦੇ ਲਈ ਕਸ਼ਮੀਰੀ ਪੰਡਿਤਾਂ ਦੇ ਦੁੱਖਾਂ ਦਾ ਸ਼ੋਸ਼ਣ ਕਰ ਰਹੀ ਹੈ:ਮਹਿਬੂਬਾ

ਸ੍ਰੀਨਗਰ- ਜੰਮੂ-ਕਸ਼ਮੀਰ ਵਿੱਚ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਕਿਹਾ ਹੈ ਕਿ ਭਾਰਤ ਦੀ ਭਾਰਤੀ ਜਨਤਾ ਪਾਰਟੀ ਆਪਣੇ ਫਾਇਦੇ ਲਈ ) ਸਰਕਾਰ ਕਸ਼ਮੀਰੀ ਪੰਡਿਤਾਂ ਦੇ 'ਦਰਦ ਅਤੇ ਪੀੜਾ' ਦਾ ਸ਼ੋਸ਼ਣ ਕਰ ਰਹੀ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਭਾਜਪਾ ਸਰਕਾਰ ਕਸ਼ਮੀਰੀ ਪੰਡਿਤਾਂ ਦੀ ਸੁਰੱਖਿਆ ਕਰਨ ਵਿੱਚ ਨਾਕਾਮ ਰਹੀ ਹੈ। ਇਹ ਸਿਰਫ ਆਪਣੇ ਫਾਇਦੇ ਲਈ ਭਾਈਚਾਰੇ ਦੇ ਦਰਦ ਅਤੇ ਦੁੱਖ ਦਾ ਸ਼ੋਸ਼ਣ ਕਰ ਰਿਹਾ ਹੈ, ਉਸਨੇ ਕਿਹਾ ਕਿ ਇਹ ਉਹਨਾਂ ਦੀਆਂ ਸਮੱਸਿਆਵਾਂ ਪ੍ਰਤੀ ਗੰਭੀਰ ਨਹੀਂ ਹੈ।ਪੀਡੀਪੀ ਮੁਖੀ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਭਾਜਪਾ ਕਸ਼ਮੀਰੀ ਪੰਡਿਤਾਂ ਦੇ ਮੁੱਦਿਆਂ 'ਤੇ ਕੋਈ ਫੈਸਲਾ ਨਹੀਂ ਲੈ ਰਹੀ ਹੈ, ਜੋ ਜੰਮੂ ਵਿੱਚ ਪਿਛਲੇ ਛੇ ਮਹੀਨਿਆਂ ਤੋਂ ਸੜਕਾਂ 'ਤੇ ਹਨ।



# ਕਾਵਿ ਕਿਆਰੀ

## ਦੁਸ਼ਮਣਾਂ ਵਰਗੇ ਦੋਸਤ

ਇਹ ਵਰ ਹੈ ਜਾਂ ਸਰਾਪ ਹੈ,
ਜਾਂ ਪਿਛਲੇ ਜਨਮਾਂ ਦਾ ਪਾਪ ਹੈ?
ਜਿਸ ਨੂੰ ਵੀ ਦੋਸਤ ਕਹਿ ਬੈਠਾਂ,
ਉਹੀਓ ਹੁੰਦਾ ਮੇਰੇ ਖਿਲਾਫ ਹੈ।
ਕੋਈ ਧਰਮ ਦੇ ਨਾਂ ਤੇ ਲੜ ਪੈਂਦਾ,
ਕੋਈ ਜ਼ਾਤ 'ਚ ਪਾਤ ਫਸਾ ਲੈਂਦਾ,
ਕੋਈ ਮੇਰੀ ਗੱਲ ਨੂੰ ਕੱਟਣ ਲਈ,
ਬੱਸ ਐਵੇਂ ਟੰਗ ਅੜਾ ਬਹਿੰਦਾ।
ਕੋਈ ਮੈਥੋਂ ਬਹੁਤ ਸਿਆਣਾ ਹੈ,
ਅੰਨ੍ਹਿਆਂ ਵਿੱਚ ਫਿਰਦਾ ਕਾਣਾ ਹੈ,
ਮੈਨੂੰ ਰਸਤਾ ਦੱਸਣ ਲੱਗ ਪੈਂਦਾ,
ਖ਼ੁਦ ਪਤਾ ਨਹੀਂ ਕਿੱਧਰ ਜਾਣਾ ਹੈ।
ਕਈ ਮੂੰਹ 'ਤੇ ਮਿੱਠੇ ਬਣਦੇ ਨੇ,
ਪਿੱਠ ਪਿੱਛੇ ਛੁਰੀਆਂ ਕੱਢਦੇ ਨੇ,
ਮੈਨੂੰ ਇਸ ਜਹਾਨੋਂ ਤੋਰਨ ਲਈ,
ਅਰਦਾਸਾਂ ਨਿੱਤ ਦਿਨ ਕਰਦੇ ਨੇ।
ਮੇਰੀ ਸ਼ਕਲ ਨੂੰ ਨਫ਼ਰਤ ਕਰ ਕਰਕੇ,
ਕਈ ਵਿੰਗੇ ਮੂੰਹ ਕਰਾ ਬੈਠੇ,
ਨਹੀਂ ਚੱਲਦਾ ਵੱਸ ਹੁਣ ਕਈਆਂ ਦਾ,
ਬੱਸ ਆਪਣੇ ਮੂੰਹ ਦੀ ਖਾ ਬੈਠੇ।
ਮੈਨੂੰ ਖੁਸ਼ੀ ਉਦੋਂ ਰੱਜ ਕੇ ਹੁੰਦੀ,
ਜਦੋਂ ਖ਼ੂਨ ਉਨ੍ਹਾਂ ਦਾ ਮਘਦਾ ਹੈ,
ਦਿਲ ਬਾਗ਼ ਬਾਗ਼ ਮੇਰਾ ਹੋ ਜਾਂਦਾ,
ਦਿਨ ਸਫਲ ਹੋ ਗਿਆ ਲੱਗਦਾ ਹੈ।
ਰੱਬ ਕਰੇ ਕਿ ਜੀਂਦੇ ਰਹਿਣ ਸਦਾ,
ਮੇਰਾ ਦਿਲ ਇਵੇਂ ਹੀ ਲਾ ਰੱਖਣ,
ਦੁਸ਼ਮਣੀ ਐਸੇ ਦੋਸਤਾਂ ਦੀ,
ਮੈਨੂੰ ਲੱਗੇ ਬਣ ਕੇ ਘਿਓ ਮੱਖਣ।
ਅਨੋਖੀ ਜਿਹੀ ਇਹ ਦੋਸਤੀ ਵੀ,
ਕੰਡਿਆਂ ਦੇ ਤਾਜ ਬਰਾਬਰ ਹੈ,
ਜਿਸਦਾ ਚੋਭ ਨਜ਼ਾਰਾ ਵੀ,
ਖ਼ੁਸ਼ੀਆਂ ਦਾ ਭਰਿਆ ਸਾਗਰ ਹੈ।

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਗ਼ਜ਼ਲ

ਇਕ ਪਰ ਨਾਲ ਮੈਂ ਉਡ ਕੇ ਦੱਸਿਆ ਮੁਸ਼ਕਿਲ ਵਿਚ।
ਨੀਲਗਗਨ ਨੂੰ ਚੁੰਮ ਕੇ ਹੱਸਿਆ ਮੁਸ਼ਕਿਲ ਵਿਚ।
ਜਿੱਥੇ ਕੋਈ ਵੱਸ ਨਾ ਸਕਿਆ ਨੇਰ੍ਹਾ ਸੀ,
ਕਰਕੇ ਉਥੇ ਲੋਅ ਮੈਂ ਵੱਸਿਆ ਮੁਸ਼ਕਿਲ ਵਿਚ।
ਜੀਵਨ ਦੀ ਗੰਢ ਢਿੱਲੀ ਹੋਣ ਨਾ ਦਿੱਤੀ ਮੈਂ,
ਰੱਸੀ ਨੂੰ ਵਲ ਦੇ ਕੇ ਕੱਸਿਆ ਮੁਸ਼ਕਿਲ ਵਿਚ।
ਮੇਰੇ ਜ਼ਖ਼ਮ ਨਾ ਵੇਖੋ ਡਰ ਕੇ ਕੰਬੋਗੇ,
ਮੈਨੂੰ ਲੱਖਾਂ ਸੱਪਾਂ ਡੱਸਿਆ ਮੁਸ਼ਕਿਲ ਵਿਚ।
ਸ਼ਿਖ਼ਰ ਦੁਪਹਿਰਾਂ ਮਾਨ ਕੇ ਸਜਣਾ ਸ਼ਾਮ ਢਲੇ,
ਸੂਰਜ ਵਾਂਗੂੰ ਮੈਨੂੰ ਧੱਸਿਆ ਮੁਸ਼ਕਿਲ ਵਿਚ।
ਬੱਚਿਆਂ ਦੇ ਢਿੱਡ ਜੋਗਾ ਆਟਾ ਕਿੰਝ ਖੜਨਾ,
ਮਜ਼ਦੂਰਾਂ ਦੀ ਕਾਹਦੀ ਮੱਸਿਆ ਮੁਸ਼ਕਿਲ ਵਿਚ।
ਬਾਲਮ, ਉਸ ਦਾ ਸਾਥ ਨਾ ਦਿੱਤਾ ਕਿਸਮਤ ਨੇ,
ਜਿਹੜਾ ਬੰਦਾ ਡਰ ਕੇ ਨੱਸਿਆ ਮੁਸ਼ਕਿਲ ਵਿਚ।

**ਬਲਵਿੰਦਰ ਬਾਲਮ ਗੁਰਦਾਸਪੁਰ**

## ਖ਼ੈਰਾਂ

**ਰੂਪ ਲਾਲ ਰੂਪ**

ਤੇਰੀਆਂ ਖ਼ੈਰਾਂ ਮੰਗਦੇ ਰਹਿੰਦੇ।
ਰੋਜ਼ ਦਿਹਾੜੀ ਉੱਠਦੇ ਬਹਿੰਦੇ।
ਅਣਸੁਣਿਆਂ ਕਰ ਦੇਵੇਂ ਨਾ ਤੂੰ,
ਦਿਲ ਦੀ ਤੈਨੂੰ ਬਾਤ ਨਾ ਕਹਿੰਦੇ।
ਸਾਡੇ ਚਾਅ ਧਰਤੀ ਨੂੰ ਚੁੰਮਦੇ,
ਤੇਰੇ ਅੰਬਰਾਂ ਦੇ ਨਾਲ ਖਹਿੰਦੇ।
ਤੁਰ ਪਏ ਹੁਣ ਰੁਕਣਾ ਨਾਹੀਂ,
ਆਣ ਮਿਲਾਂਗੇ ਡਿੱਗਦੇ ਢਹਿੰਦੇ।
ਸੂਲਾਂ ਵਰਗੀਆਂ ਬੋਲੀਆਂ ਮਾਰੇਂ,
ਜੇਰਾ ਕਰ ਕੇ ਅਸੀਂ ਹਾਂ ਸਹਿੰਦੇ।
ਦਰਿਆ ਹੁਸਨ ਦੇ ਜੋਰੀਂ ਵਗਦੇ,
'ਰੂਪ' ਨੇ ਡਿੱਠੇ ਆਖ਼ਰ ਲਹਿੰਦੇ।

## ਸਾਂਝਾਂ ਤੇ ਮੁਹੱਬਤਾਂ

**ਡਾ. ਆਤਮਾ ਸਿੰਘ ਗਿੱਲ**

ਪੌਂਡਾਂ ਦਾ ਹਿਸਾਬ ਕਰ ਮੁੱਕ ਗਈਆਂ ਸੱਧਰਾਂ।
ਡਾਲਰਾਂ ਨੇ ਰਹਿੰਦੀਆਂ ਵੀ ਲੁੱਟ ਲਈਆਂ ਸੱਧਰਾਂ।
ਬਣ ਗਏ ਮਸ਼ੀਨਾਂ ਬੰਦੇ ਜਾ ਕੇ ਪ੍ਰਦੇਸ,
ਰੁਲ ਗਏ ਨੇ ਚਾਅ ਨਾਲੇ ਸੱਧਰਾਂ ਨਿਮਾਣੀਆਂ।
ਕਿੱਥੇ ਗਈਆਂ ਸਾਂਝਾਂ ਤੇ ਮੁਹੱਬਤਾਂ ਪੁਰਾਣੀਆਂ।
ਮੁੱਕ ਗਈਆਂ ਸਾਂਝਾਂ ਤੇ ਮੁਹੱਬਤਾਂ ਪੁਰਾਣੀਆਂ।
ਸਾਉਣ ਮਹੀਨਾ ਪਿੱਪਲੀਂ ਪੀਘਾਂ ਭੁੱਲ ਗਏ ਪੂੜੇ ਖੀਰਾਂ ਨੂੰ।
ਤੀਆਂ ਤ੍ਰਿੰਝਣ ਗਿੱਧਾ ਭੰਗੜਾ ਰੱਖੜੀ ਬੰਨ੍ਹਣੀ ਵੀਰਾਂ ਨੂੰ।
ਵਿਰਸਾ ਭੁੱਲ ਕੇ ਛੋਹ ਲਈਆਂ ਨੇ,
ਨਵੀਆਂ ਰੋਜ਼ ਕਹਾਣੀਆਂ।
ਕਿੱਥੇ ਗਈਆਂ ਸਾਂਝਾਂ ਤੇ ਮੁਹੱਬਤਾਂ ਪੁਰਾਣੀਆਂ।
ਉੂੜਾ ਗਿਆ ਜੂੜਾ ਗਿਆ, ਤੂੜੀ ਗਈ ਰੂੜੀ ਗਈ।
ਚਰਖੇ ਅਤੇ ਮਧਾਣੀਆਂ ਦੀ ਸਾਂਝ ਕਿੱਥੇ ਗੂੜ੍ਹੀ ਗਈ।
ਮੱਖਣਾਂ ਦੇ ਪੇੜੇ ਅਤੇ ਲੱਸੀਆਂ ਦੇ ਛੰਨੇ,
ਕਿੱਥੇ ਤੁਰ ਗਈਆਂ ਚਾਟੀਆਂ ਮਧਾਣੀਆਂ।
ਕਿੱਥੇ ਗਈਆਂ ਸਾਂਝਾਂ ਤੇ ਮੁਹੱਬਤਾਂ ਪੁਰਾਣੀਆਂ।
ਜਾਗੋ ਕੱਢਣੀ ਨਾਨਕੀਆਂ ਤੇ ਦਾਦਕੀਆਂ ਨੇ ਰਲ-ਮਿਲ ਕੇ।
ਸੁਹਾਗ ਘੋੜੀਆਂ ਸਿੱਠਣੀਆਂ
ਤੇ ਬੋਲੀਆਂ ਪਾਉਣੀਆਂ ਮਿਲ-ਜੁਲ ਕੇ।
ਕੋਠੇ ਚੜ੍ਹ-ਚੜ੍ਹ ਵਿੰਹਦੇ ਸੀ ਲੋਕੀਂ,
ਮੇਲ ਆਉਂਦਾ ਬੰਨ੍ਹ-ਬੰਨ੍ਹ ਢਾਣੀਆਂ।
ਕਿੱਥੇ ਗਈਆਂ ਸਾਂਝਾਂ ਤੇ ਮੁਹੱਬਤਾਂ ਪੁਰਾਣੀਆਂ।
ਮੁੱਕ ਗਈਆਂ ਸਾਂਝਾਂ ਤੇ ਮੁਹੱਬਤਾਂ ਪੁਰਾਣੀਆਂ।

## ਤੂੰ ਘਰ ਨੂੰ ਜਾਵੇਂਗਾ

**ਨਿਰਮਲ ਸਿੰਘ ਰੱਤਾ**

ਦੀਨ ਦੁਖੀ ਦਾ ਬੰਦਿਆ
ਜੇ ਤੂੰ ਦੁੱਖ ਵੰਡਾਵੇਂਗਾ
ਝੋਲੀ ਭਰ ਕੇ ਖ਼ੁਸ਼ੀਆਂ ਦੀ
ਤੂੰ ਘਰ ਨੂੰ ਜਾਵੇਂਗਾ।
ਕਿਸਮਤ ਮਾਰੇ ਫਿਰਨ ਵਿਚਾਰੇ
ਨਾਲ ਸੰਘਰਸ਼ਾਂ ਜੋਟੀ ਏ
ਹੱਡ ਤੋੜਵੀਂ ਮਿਹਨਤ ਕਰਦੇ
ਮਿਲੀ ਨਾ ਪੂਰੀ ਰੋਟੀ ਏ
ਰਾਹ ਵਿੱਚ ਮਿਲਗੇ ਭੁੱਖੇ ਨੂੰ
ਦੋ ਟੁੱਕ ਖੁਆਵੇਂਗਾ
ਝੋਲੀ ਭਰ ਕੇ ਖ਼ੁਸ਼ੀਆਂ ਦੀ
ਤੂੰ ਘਰ ਨੂੰ ਜਾਵੇਂਗਾ।
ਮੰਨਿਆ ਤੈਨੂੰ ਕਾਹਲੀ ਐ
ਪਰ ਆਸੇ ਪਾਸੇ ਵੇਖ ਜ਼ਰਾ
ਫੜ੍ਹ ਕੇ ਸੋਟੀ ਪਿਆ ਉਡੀਕੇ
ਬੇਵੱਸ ਤੇ ਲਾਚਾਰ ਖੜ੍ਹਾ
ਮਜਬੂਰ ਕਿਸੇ ਨੂੰ ਜੇਕਰ
ਸੜਕ ਤੂੰ ਪਾਰ ਕਰਾਵੇਂਗਾ
ਝੋਲੀ ਭਰ ਕੇ ਖ਼ੁਸ਼ੀਆਂ ਦੀ
ਤੂੰ ਘਰ ਨੂੰ ਜਾਵੇਂਗਾ।
ਪਏ ਕੁਰਾਹੇ ਜ਼ਿੱਦ ਨੇ ਕਰਕੇ
ਅੱਜਕੱਲ੍ਹ ਦੇ ਇਹ ਬੱਚੇ ਨੇ
ਸਮਝਣ ਖ਼ੁਦ ਨੂੰ ਬਹੁਤ ਸਿਆਣੇ
ਪਰ ਇਹ ਅਕਲੋਂ ਕੱਚੇ ਨੇ
ਭੁੱਲੇ ਭਟਕੇ ਨੂੰ ਤੂੰ
ਜਿਸ ਦਿਨ ਰਾਹ ਦਿਖਾਵੇਂਗਾ
ਝੋਲੀ ਭਰ ਕੇ ਖ਼ੁਸ਼ੀਆਂ ਦੀ
ਤੂੰ ਘਰ ਨੂੰ ਜਾਵੇਂਗਾ।
ਵਿੱਦਿਆ ਦੇ ਮੰਦਰ ਜਾਵਣ ਨੂੰ
ਕਈ ਤਰਸਦੇ ਫਿਰਦੇ ਨੇ
ਇਸੇ ਮੰਦਰ ਵਿੱਚ ਆ ਕੇ ਹੀ
ਰੰਗ ਜ਼ਿੰਦਗੀ ਦੇ ਖਿੜਦੇ ਨੇ
ਤੀਜਾ ਨੇਤਰ ਖੋਲ੍ਹਣ ਲਈ ਜੇ ਹੱਥ ਵਧਾਵੇਂਗਾ
ਝੋਲੀ ਭਰ ਕੇ ਖ਼ੁਸ਼ੀਆਂ ਦੀ
ਤੂੰ ਘਰ ਨੂੰ ਜਾਵੇਂਗਾ।


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ

ਪੰਜਾਬ ਸਵੀਟ ਹਾਊਸ

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

2 Locations to Serve you

#4-12818-72 Ave., Surrey, BC
604-591-7611

#8A-31205 Old Yale Rd., Abbotsford, BC
604-504-1761



Expert Advice, Consultation & Representation in all your legal matters



FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com





# TOOR LANDSCAPING & FENCE

## RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2X3 ਦਾ ਫਰੇਮ ਸੋਲਿਡ $240 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

# iFix WALL & CEILING LTD.

- TAPPING & FINISHING
- TEXTURED CEILINGS
- KITCHEN-BATHROOM
- BOARDING
- STEEL STUD
- PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੇਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

**ਟੇਪਰਾਂ ਦੀ ਤੁਰੰਤ ਲੋੜ ਹੈ**

**ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ**

FOR BEST DEAL CALL : HARINDER SINGH DHALIWAL

**604.760.1732, 604.442-1571**

# ਸੰਦਲ ਰੈਨੋਵੇਸ਼ਨ

## Your's Complete Home Renovation

- * ਫਰੇਮਿੰਗ
- * ਡਰਾਈਵਾਲ
- * ਪੇਂਟਿੰਗ
- * ਟਾਈਲਜ਼
- * ਲੈਮੀਨੇਟ
- * ਇਲੈਕਟ੍ਰੀਕਲ
- * ਪਲਬਿੰਗ
- * ਕਾਰਪੇਟ
- * ਰੂਫਿੰਗ ਦਾ ਕੰਮ
- * ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

**ਭਿੰਦਰ : 604-725-6270**

# HIGH STAR HOME RENOVATION

ਅਸੀਂ ਰੈਨੋਵੇਸ਼ਨ ਦਾ ਹਰ ਛੋਟਾ ਵੱਡਾ ਕੰਮ ਬਹੁਤ ਹੀ ਵਾਜਬ ਰੇਟ ਉਪਰ ਕਰਦੇ ਹਾਂ।ਨਵੇਂ ਘਰ ਦੀ ਉਸਾਰੀ ਦੀ ਮੁਕੰਮਲ ਦੇਖਭਾਲ ਵੀ ਕਰਦੇ ਹਾਂ ਅਤੇ ਬੇਸਮੈਂਟ ਵੀ ਬਣਾਉਂਦੇ ਹਾਂ।ਅਸੀਂ ਕਸਟਮਮੇਡ ਘਰ ਵੀ ਬਣਾ ਕੇ ਦਿੰਦੇ ਹਾਂ।



Free Estimate ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Jagveer: 236-515-4532**


# DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**

daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

# ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਂਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**

lakhwindersembhi@yahoo.ca

# BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੂਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

# Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




**Sanjeev Dhir 778.320.9413**

sanjeevkumarsk52@gmail.com

# HOME IMPROVEMENT


## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474

CLASS "A" CERTIFIED & LICENCED ELECTRICIANS



MANJIT

## SINGH RAJ
RENOVATION CO.

We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261

## Ambrosia Renovation

Your's Complete Home Renovation

* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ

Sunny : 778-951-1699

## J&J FRESH LOOK HOMES LTD.




We Built Custom Homes

- New Residential
- Commercial Const.
- Licensed
- Bonded
- Framing
- Roof Trusses
- Floor Trusses
- Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ



Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate
ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Paul 778-823-1056

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ॥ਮਰਣੁ ਲਿਖਾਇ ਮੰਡਲ ਮਹਿ ਆਏ॥

ਬੰਦੇ ਦੀ ਆਤਮਿਕ ਆਜਾਦੀ ਦਾ ਆਰੰਭ ਇਥੋਂ ਹੁੰਦਾ ਹੈ ਕਿ ਮੌਤ ਅਟਲ ਹੈ। ਹੋਸ਼ ਸੰਭਾਲਦਿਆ ਹੀ ਬੰਦਾ ਹਰ ਵੇਲੇ ਮੌਤ ਦੇ ਸਾਏ ਹੇਠ ਜਿਊਂਦਾ ਹੈ। ਪਰ ਜਿੰਦਗੀ ਦੇ ਰਸ ਮਾਣਨ ਲਈ ਉਹ ਇਸ ਡਰ ਤੋਂ ਆਪਣਾ ਖਹਿੜਾ ਛੁਡਾਉਣਾ ਚਾਹੁੰਦਾ ਹੈ। ਇਸ ਡਰ ਦਾ ਨਜਾਇਜ ਫਾਇਦਾ ਉਠਾ ਕੇ ਹੀ ਹੁਣ ਤਕ ਕਰਮਕਾਂਡੀ ਬ੍ਰਾਹਮਣ ਪੁਜਾਰੀ ਤੇ ਪਾਖੰਡੀ ਬਾਬੇ ਭੋਲੇ-ਭਾਲੇ ਲੋਕਾਂ ਦੀ ਮਾਨਸਿਕ ਤੇ ਆਰਥਿਕ ਲੁਟ ਕਰਦੇ ਆ ਰਹੇ ਹਨ। ਬੇਸ਼ਕ ਆਧੁਨਿਕ ਸਾਮਰਾਜੀ ਦੌਰ ਵਿਚ ਜਾਬਰ ਤੇ ਵਹਿਸ਼ੀ ਸਰਕਾਰਾਂ ਬੰਦੇ ਦੇ ਇਸ ਡਰ ਦੀ ਵਰਤੋਂ ਸਮੁਚੇ ਸਮਾਜ ਵਿਚ ਦਹਿਸ਼ਤ ਪਾਉਣ ਲਈ ਕਰਦੀਆ ਹਨ। ਕਹਿਣ ਨੂੰ ਭਾਵੇਂ ਕਿੰਨੀਆ ਲੋਕਰਾਜ ਦੀਆਂ ਟਾਹਰਾਂ ਮਾਰੀਆ ਜਾਣ ਪਰ ਅਮਲੀ ਰੂਪ ਵਿਚ ਦੁਨੀਆਂ ਭਰ ਦੇ ਸਾਮਰਾਜੀ ਰਾਜਪ੍ਰਬੰਧ ਦਾ ਮੂਲ ਆਧਾਰ ਸਰਕਾਰੀ ਦਹਿਸ਼ਤ ਹੈ। ਪਿਛਲੇ 40 ਸਾਲ ਤੋਂ ਦੁਨੀਆ ਭਰ ਵਿਚ ਬੈਠਾ ਸਿਖ ਜਗਤ ਇਸ ਸਾਮਰਾਜੀ ਦਹਿਸ਼ਤ ਨੂੰ ਹੰਢਾ ਰਿਹਾ ਹੈ। ਸਿਖ ਨੌਜਵਾਨਾਂ ਦੇ ਵਡੀ ਪਧਰ ਉਤੇ ਪ੍ਰਵਾਸ ਕਰਨ ਦਾ ਇਕ ਕਾਰਨ ਇਹ ਸਰਕਾਰੀ ਦਹਿਸ਼ਤ ਵੀ ਹੈ। ਗੁਰਮਤਿ ਬੰਦੇ ਨੂੰ ਇਸ ਮੌਤ ਨੂੰ ਅਟਲ ਜਾਣ ਕੇ ਤੇ ਇਸ ਡਰ ਤੋਂ ਮੁਕਤ ਹੋ ਕੇ ਭਰਵੀਂ ਜਿੰਦਗੀ ਜਿਉਣ ਦੀ ਪ੍ਰੇਰਨਾ ਕਰਦੀ ਹੈ।

ਇਸ ਤੋਂ ਪਹਿਲੀ ਤੁਕ ਹੈ : ਅਨਿਕ ਜਤਨ ਕਰਿ ਕਾਲੁ ਸੰਤਾਏ॥ ਤਥਾ ਸਾਰੇ ਯਤਨ ਕਰਨ ਦੇ ਬਾਵਜੂਦ ਵੀ ਮੌਤ ਦਾ ਡਰ ਮਨੁਖੀ ਸੰਤਾਪ ਦਾ ਕਾਰਨ ਬਣਿਆ ਰਹਿੰਦਾ ਹੈ। ਚੌਪਈ ਸਾਹਿਬ ਵਿਚ ਗੁਰੂ ਸਾਹਿਬ ਅਕਾਲ ਪੁਰਖ ਤੋਂ ਮੰਗ ਕਰਦੇ ਹਨ : ਮਰਨ ਕਾਲ ਕਾ ਤ੍ਰਾਸ ਨਿਵਰਿਯੈ॥ ਪਰ ਨਾਲ ਹੀ ਇਹ ਬਚਨ ਵੀ ਕਰਦੇ ਹਨ ਕਿ 'ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵ ਜੂ ਅਵਤਰਾ॥ ਕਾਲ ਪਾਇ ਕਰ ਬਿਸਨੁ ਪ੍ਰਕਾਸਾ॥ ਸਕਲ ਕਾਲ ਕਾ ਕੀਆ ਤਮਾਸਾ॥ ਅਰਥਾਤ ਸਾਰਾ ਜਗਤ ਕਾਲ ਦਾ ਤਮਾਸਾ ਹੈ।

ਗੁਰਮਤਿ ਦਾ ਫੁਰਮਾਨ ਹੈ : ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥ (ਪੰਨਾ 474)

ਗੁਰਮਤਿ ਦਾ ਇਹ ਵੀ ਫੁਰਮਾਨ ਹੈ : ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ॥ (ਆਸਾ ਦੀ ਵਾਰ)

ਜਦੋਂ ਇਸ ਸੰਸਾਰ ਵਿਚ ਸਦਾ ਲਈ ਨਹੀਂ ਰਹਿਣਾ ਤਾਂ ਫਿਰ ਕਿਉਂ ਐਵੇਂ ਬੇਲੋੜਾ ਧਨ ਦੌਲਤ ਇਕਠਾ ਕਰਨ ਦੇ ਦੁਸ਼ਟ ਚਕਰ ਵਿਚ ਫਸੇ ਰਹੀਏ।

ਮੂਰਖ ਮਨ ਕਾਹੇ ਕਰਸਹਿ ਮਾਣਾ॥
ਉਠਿ ਚਲਣਾ ਖਸਮੈ ਭਾਣਾ॥ 1॥ ਰਹਾਉ॥
ਤਜਿ ਸਾਦ ਸਹਜ ਸੁਖੁ ਹੋਈ॥
ਘਰ ਛਡਣੇ ਰਹੈ ਨ ਕੋਈ॥ ਕਿਛੁ ਖਾਜੈ ਕਿਛੁ ਧਰਿ ਜਾਈਐ॥
ਜੇ ਬਾਹੁੜਿ ਦੁਨੀਆ ਆਈਐ॥2॥ (ਪੰਨਾ 1015)

ਹੇ ਮੇਰੇ ਮੂਰਖ ਮਨਾਂ! ਕਾਹਦਾ ਮਾਣ ਕਰਦਾ ਹੈ। ਮਾਲਕ ਨੇ ਤੈਨੂੰ ਜਿੰਨਾ ਜੀਵਨ ਬਖਸ਼ਿਆ ਹੈ, ਉਸਦੇ ਭਾਣੇ ਵਿਚ ਤੇਰੀ ਕਿਸੇ ਵੇਲੇ ਵੀ ਮੌਤ ਆ ਸਕਦੀ ਹੈ। ਹੇ ਮਨਾਂ! ਬੇਲੋੜੇ ਸੁਆਦਾਂ ਨੂੰ ਤਿਆਗਣ ਨਾਲ ਹੀ ਸਹਿਜ ਹੋਈਦਾ ਹੈ। ਸਰੀਰ ਲਈ ਬੇਲੋੜਾ ਪਰ ਸਿਰਫ ਸੁਆਦ ਲਈ ਖਾਧਾ ਭੋਜਨ ਸਰੀਰ ਨੂੰ ਬਿਮਾਰ ਕਰਦਾ ਹੈ। ਮੋਟਾਪਾ ਵਧਾਉਂਦਾ ਹੈ। ਇਸ ਲਈ ਆਪਣੇ ਸਰੀਰ ਦੀਆਂ ਤਰਕਸੰਗਤ ਲੋੜਾਂ ਦੀ ਸੁਚੇਤ ਪਛਾਣ ਕਰ ਕੇ ਹੀ ਸੁਖੀ ਰਿਹਾ ਜਾ ਸਕਦਾ ਹੈ। ਇਹ ਜਿਹੜੇ ਤੂੰ ਵਡੇ-ਵਡੇ ਆਲੀਸ਼ਾਨ ਘਰ ਪਾ ਰਿਹਾ ਹੈ, ਇਹ ਘਰ ਛਡਣੇ ਪੈਣੇ ਹਨ। ਇਥੇ ਸਦਾ ਲਈ ਨਹੀਂ ਰਹਿਣਾ। ਕੁਝ ਖਾ ਪੀ ਕੇ ਬਾਕੀ ਸੰਭਾਲਣ ਦਾ ਫਾਇਦਾ ਤੇ ਤਾਂ ਹੀ ਹੋਣਾ ਹੈ, ਜੇ ਦੁਬਾਰਾ ਇਸ ਦੁਨੀਆ ਵਿਚ ਆਉਣਾ ਹੋਵੇ। ਇਸ ਲਈ ਐਵੇਂ ਵਡੇ-ਵਡੇ ਘਰਾਂ ਕਾਰਾਂ ਕੋਠੀਆਂ ਦੇ ਸੁਪਨੇ ਲੈਣੇ ਛਡ ਅਤੇ ਸਿਰਫ ਆਪਣੀਆਂ ਤਰਕਸੰਗਤ ਮਨੁਖੀ ਲੋੜਾਂ ਦੀ ਪੂਰਤੀ ਦੇ ਯਤਨ ਕਰ।

ਗੁਰਮਤਿ ਮਨੁਖ ਦੀਆਂ ਤਰਕਸੰਗਤ ਲੋੜਾਂ ਦੀ ਜਾਣਕਾਰੀ ਵੀ ਦੇਂਦੀ ਹੈ :

ਗੋਪਾਲ ਤੇਰਾ ਆਰਤਾ॥ ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥ 1॥ ਰਹਾਉ॥
ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥
ਪਨ੍ਹੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀ ਕਾ॥ 1॥
ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥
ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥ (ਪੰਨਾ 695)

ਕੁਦਰਤ ਦੇ ਕਣ-ਕਣ ਵਿਚੋਂ ਪ੍ਰਗਟ ਹੁੰਦੇ ਗੋਪਾਲ ਨੂੰ ਆਪਣੇ ਮਨ ਵਿਚ ਧਾਰ ਕੇ, ਉਸ ਅਗੇ ਅਰਜੋਈ ਕਰਦੇ ਹੋਏ ਭਗਤ ਧੰਨਾ ਜੀ ਬਚਨ ਕਰ ਰਹੇ ਹਨ ਕਿ ਜੋ ਲੋਕ ਤੇਰੀ ਭਗਤੀ ਕਰਦੇ ਹਨ, ਤੂੰ ਉਨ੍ਹਾਂ ਦੇ ਸਾਰੇ ਕਾਰਜ ਸੰਵਾਰਦਾ ਹੈ। ਇਸ ਲਈ ਮੇਰੀਆਂ ਇਹ ਕੁਝ ਇਛਾਵਾਂ ਵੀ ਪੂਰੀਆਂ ਕਰ। ਮੈਨੂੰ ਖਾਣ ਜੋਗੀ ਦਾਲ ਲੂਣ ਤੇ ਘਿਉ ਦੇਅ, ਤਾਂ ਕਿ ਮੇਰਾ ਮਨ ਖੁਸ਼ ਰਹੇ। ਤਨ ਉਤੇ ਪਾਉਣ ਲਈ ਕੁਝ ਕਪੜੇ ਵੀ ਦੇਅ। ਪੈਰਾਂ ਵਿਚ ਪਾਉਣ ਲਈ ਜੁਤੀ ਵੀ ਦੇਅ। ਖਾਣ ਲਈ ਲੋੜੀਂਦਾ ਅਨਾਜ ਵੀ ਦੇਅ। ਦੁਧ ਪੀਣ ਲਈ ਲਵੇਰੀ ਗਾਂ ਮਝ ਤੇ ਸਵਾਰੀ ਕਰਨ ਲਈ ਇਕ ਚੰਗੀ ਘੋੜੀ ਵੀ ਦੇਅ। ਭਗਤ ਧੰਨਾ ਜੀ ਇਹ ਬਚਨ ਵੀ ਕਰਦੇ ਹਨ ਕਿ ਆਪਣੀ ਘਰ ਦੀ ਔਰਤ ਹੀ ਚੰਗੀ ਹੈ, ਜਿਸ ਦੀ ਤੇਰਾ ਜਨ ਧੰਨਾ ਮੰਗ ਕਰਦਾ ਹੈ। ਇਕ ਮਨੁਖ ਦੀਆਂ ਬਸ ਏਨੀਆਂ ਕੁ ਹੀ ਤਰਕਸੰਗਤ ਲੋੜਾਂ ਹਨ।

ਜਿਸ ਮਨੁਖ ਦੇ ਆਪਣੇ ਸਰੀਰੀ ਮਨ ਨੂੰ ਇਨ੍ਹਾਂ ਤਰਕਸੰਗਤ ਲੋੜਾਂ ਦਾ ਗਿਆਨ ਹੋ ਜਾਏ, ਉਹ ਮਨੁਖ ਸਿਰਫ ਇਨ੍ਹਾਂ ਲੋੜਾਂ ਦੀ ਪੂਰਤੀ ਵਾਸਤੇ ਹੀ ਯਤਨ ਕਰਦਾ ਹੈ। ਸਰੀਰ ਨੂੰ ਬੇਲੋੜਾ ਨਹੀਂ ਭਜਾਉਂਦਾ। ਜਦੋਂ ਕਿ ਅਗਿਆਨੀ ਮਨੁਖ ਦਾ ਮਨ ਅਤਿ ਦੀ ਭੋਗੀ ਖਪਤਕਾਰੀ ਮਾਨਸਿਕਤਾ ਦੇ ਪ੍ਰਭਾਵ ਅਧੀਨ ਦਿਨ ਰਾਤ ਬੇਲੋੜੀਆਂ ਇਛਾਵਾਂ ਦੀ ਭਟਕਣਾਂ ਵਿਚ ਆਪ ਵੀ ਭਟਕਦਾ ਰਹਿੰਦਾ ਹੈ ਤੇ ਆਪਣੇ ਸਰੀਰ ਨੂੰ ਵੀ ਭਜਾਈ ਫਿਰਦਾ ਹੈ। ਅਜੋਕੀ ਬੇਲੋੜੀ ਸਾਮਰਾਜੀ ਖਪਤਕਾਰੀ ਦੀ ਪੈਦਾ ਕੀਤੀ ਭਟਕਣਾ ਨੇ ਮਨੁਖ ਨੂੰ ਕੁਦਰਤ ਕੋਲੋਂ ਮਿਲੀ ਨਿਆਮਤ ਨੀਂਦ ਵੀ ਖੋਹ ਲਈ ਹੈ। ਸੰਤੁਲਿਤ ਭੋਜਨ ਦੀ ਤਾਂ ਉਸ ਨੂੰ ਪਛਾਣ ਹੀ ਨਹੀਂ ਰਹੀ।

ਗੁਰਮਤਿ ਗਿਆਨ ਦੀ ਇਹੀ ਤਾਕਤ ਮਨੁਖੀ ਮਨ ਨੂੰ ਬੇਲੋੜੀ ਭਟਕਣਾ ਤੇ ਸਰੀਰ ਨੂੰ ਅਜਾਈਂ ਭਜਦੌੜ ਤੋਂ ਬਚਾਉਂਦੀ ਹੈ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ (ਪੰਨਾ 1102)

ਜਦੋਂ ਭਾਈ ਅਮ੍ਰਿਤਪਾਲ ਸਿੰਘ ਗੁਰਮਤਿ ਦੇ ਇਹ ਬਚਨ ਵਾਰ ਵਾਰ ਦੁਹਰਾਉਂਦੇ ਹਨ, ਤਾਂ ਗੁਰੂ ਪੰਥ ਨੂੰ ਸਮਝ ਆਉਣੀ ਚਾਹੀਦੀ ਹੈ, ਕਿ ਉਹ ਗੁਰੂ ਮਹਾਰਾਜ ਨਾਲ ਕੋਈ ਖਾਸ ਅਹਿਦ ਕਰ ਕੇ ਪੰਜਾਬ ਵਿਚ ਆਏ ਹਨ। ਦੀਪ ਸਿਧੂ ਤੇ ਸਿਧੂ ਮੂਸੇਵਾਲਾ ਦੇ ਕਤਲਾਂ ਤੋਂ ਫੌਰੀ ਬਾਅਦ ਪੰਜਾਬ ਦੀ ਧਰਤੀ ਉਤੇ ਆ ਕੇ ਸਿਖਾਂ ਦੀ ਗੁਲਾਮੀ ਤੇ ਖਾਲਸਾ ਰਾਜ ਦੀ ਗੱਲ ਕਰਨੀ ਅਤੇ ਸਿਖ ਨੌਜਵਾਨਾਂ ਨੂੰ ਅਮ੍ਰਿਤ ਛਕਾਉਣ ਦੀ ਮੁਹਿੰਮ ਚਲਾਉਣੀ, ਕੋਈ ਆਮ ਗੱਲ ਨਹੀਂ ਹੈ। ਸਾਰੇ ਅਰਦਾਸ ਕਰੋਂ ਕਿ ਗੁਰੂ ਸਾਹਿਬ ਹਮੇਸ਼ਾਂ ਉਨ੍ਹਾਂ ਦੇ ਅੰਗ ਸੰਗ ਰਹਿਣ।

**ਏ -ਸਿੰਘ**

# ਆਸ਼ੀਸ਼ ਮਿਸ਼ਰਾ 'ਤੇ ਕਤਲ ਕੇਸ ਚੱਲੇਗਾ



ਲਖੀਮਪੁਰ ਖੀਰੀ:ਤਿੰਨ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਦੌਰਾਨ ਇੱਥੇ ਤਿਕੁਨੀਆ ਇਲਾਕੇ 'ਚ ਹਿੰਸਾ ਦੇ ਮਾਮਲੇ ਦੇ ਮੁੱਖ ਮੁਲਜ਼ਮ ਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਣੀ ਦੇ ਬੇਟੇ ਆਸ਼ੀਸ਼ ਮਿਸ਼ਰਾ ਉਰਫ ਮੋਨੂੰ ਦੀਆਂ ਮੁਸ਼ਕਲਾਂ ਵਧ ਗਈਆਂ, ਜਦੋਂ ਮੰਗਲਵਾਰ ਅਦਾਲਤ ਨੇ ਉਸ ਸਮੇਤ 13 ਮੁਲਜ਼ਮਾਂ ਖਿਲਾਫ ਕਿਸਾਨਾਂ ਦੀ ਹੱਤਿਆ ਦਾ ਮੁਕੱਦਮਾ ਚਲਾਉਣ ਦਾ ਹੁਕਮ ਦਿੱਤਾ। ਮੁਕੱਦਮਾ 16 ਦਸੰਬਰ ਤੋਂ ਸ਼ੁਰੂ ਹੋਵੇਗਾ।ਯੂ ਪੀ ਦੇ ਵੇਲੇ ਦੇ ਉਪ-ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਦੇ ਦੌਰੇ ਦੇ ਵਿਰੋਧ ਵਿਚ ਕਿਸਾਨਾਂ ਦੇ ਮੁਜ਼ਾਹਰੇ ਦੌਰਾਨ 3 ਅਕਤੂਬਰ 2021 ਨੂੰ ਹੋਈ ਹਿੰਸਾ ਵਿਚ 8 ਵਿਅਕਤੀਆਂ ਦੀ ਮੌਤ ਹੋ ਗਈ ਸੀ।ਪੁਲਸ ਵੱਲੋਂ ਦਰਜ ਐੱਫ ਆਈ ਆਰ ਮੁਤਾਬਕ ਚਾਰ ਕਿਸਾਨਾਂ ਦੀ ਇਕ ਐੱਸ ਯੂ ਵੀ ਹੇਠ ਕੁਚਲੇ ਜਾਣ ਨਾਲ ਮੌਤ ਹੋਈ।ਉਸ ਗੱਡੀ ਵਿਚ ਆਸ਼ੀਸ਼ ਮਿਸ਼ਰਾ ਬੈਠਾ ਹੋਇਆ ਸੀ ।ਇਸ ਦੇ ਬਾਅਦ ਹੋਈ ਹਿੰਸਾ ਵਿਚ ਗੱਡੀ ਦੇ ਡਰਾਈਵਰ ਤੇ ਭਾਜਪਾ ਦੇ ਦੋ ਵਰਕਰਾਂ ਨੂੰ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ।ਹਿੰਸਾ ਵਿਚ ਇਕ ਪੱਤਰਕਾਰ ਵੀ ਮਾਰਿਆ ਗਿਆ ਸੀ।ਯੂ ਪੀ ਦੀਆਂ ਅਸੰਬਲੀ ਚੋਣਾਂ ਦੇ ਬਾਅਦ ਆਸ਼ੀਸ਼ ਮਿਸ਼ਰਾ ਜ਼ਮਾਨਤ 'ਤੇ ਬਾਹਰ ਆ ਗਿਆ ਸੀ । ਉਸ ਵਿਰੁੱਧ ਦੂਜੀ ਧਿਰ ਸੁਪਰੀਮ ਕੋਰਟ ਪੁੱਜ ਗਈ। ਸੁਪਰੀਮ ਕੋਰਟ ਨੇ ਜ਼ਮਾਨਤ ਰੱਦ ਕਰਦਿਆਂ ਕੇਸ ਮੁੜ ਵਿਚਾਰ ਲਈ ਅਲਾਹਾਬਾਦ ਹਾਈ ਕੋਰਟ ਭੇਜ ਦਿੱਤਾ ਸੀ ਤੇ ਹਾਈ ਕੋਰਟ ਨੇ ਮਿਸ਼ਰਾ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ ।ਮਾਰੇ ਗਏ ਪੱਤਰਕਾਰ ਰਮਨ ਕਸ਼ਯਪ ਦੇ ਭਰਾ ਪਵਨ ਕਸ਼ਯਪ ਨੇ ਅਦਾਲਤ ਵੱਲੋਂ ਫਰਦ ਜੁਰਮ ਆਇਦ ਕਰਨ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਸੁਪਰੀਮ ਕੋਰਟ ਦਾ ਧੰਨਵਾਦ ਕਰਦਾ ਹੈ, ਜਿਸ ਕਰਕੇ ਹੁਣ ਮੁਕੱਦਮਾ ਚਲੇਗਾ।ਮ੍ਰਿਤਕਾਂ ਦੇ ਵਕੀਲ ਮੁਹੰਮਦ ਅਮਾਨ ਨੇ ਕਿਹਾ ਕਿ ਫਰਦ ਜੁਰਮ ਆਇਦ ਕਰਨ ਵਿਚ 9 ਮਹੀਨੇ ਲੱਗ ਗਏ।ਉਹ ਵੀ ਸੁਪਰੀਮ ਕੋਰਟ ਦੇ ਦਖਲ ਕਾਰਨ ਸੰਭਵ ਹੋਇਆ।ਉਮੀਦ ਹੈ ਕਿ ਮੁਕੱਦਮਾ ਤੇਜ਼ੀ ਨਾਲ ਚੱਲੇਗਾ ਤੇ ਕਿਸਾਨਾਂ ਨੂੰ ਇਨਸਾਫ ਮਿਲੇਗਾ।





TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

10 ਦਸੰਬਰ, ਦਿਨ ਸ਼ਨਿੱਚਰਵਾਰ........ਸਵੇਰ ਨੂੰ ਨੰਬਰ 2 ਦਰਬਾਰ ਹਾਲ ਵਿੱਚ ਅਨੰਦ ਕਾਰਜ ਹੋਵੇਗਾ।
10 ਦਸੰਬਰ, ਦਿਨ ਸ਼ਨਿੱਚਰਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਬਲਬੀਰ ਸਿੰਘ ਹੀਰ ਅਤੇ ਪਰਿਵਾਰ ਵਲੋਂ ਹੋਵੇਗੀ।
11 ਦਸੰਬਰ, ਦਿਨ ਐਤਵਾਰ............ਸਵੇਰ ਨੂੰ ਲੰਗਰ ਦੀ ਸੇਵਾ ਭਾਈ ਗੁਰਮੇਲ ਸਿੰਘ ਬਿਲਿੰਗ ਅਤੇ ਪਰਿਵਾਰ ਵਲੋਂ ਹੋਵੇਗੀ।
14 ਦਸੰਬਰ, ਦਿਨ ਬੁੱਧਵਾਰ............ਸੰਗਰਾਂਦ ਦਾ ਦਿਹਾੜਾ ਹੈ। ਸ਼ਾਮ ਨੂੰ ਦੀਵਾਨ ਸਜਣਗੇ।
18 ਦਸੰਬਰ, ਦਿਨ ਐਤਵਾਰ..............ਸਵੇਰ ਨੂੰ ਲੰਗਰ ਦੀ ਸੇਵਾ ਭਾਈ ਸਤਵੰਤ ਸਿੰਘ ਰਣੌਤਾ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

www.deltondentures.com

# DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ


CONSUMER CHOICE AWARD 2018 VANCOUVER

Business Category Denturist

WE ARE DENTURISTS

ਅਸੀਂ ਜੁਬਾੜੇ ਬਣਾਉਂਦੇ ਹਾਂ

*Get a Beautiful Smile*





**Chris Kozakiewicz**

**BSc., R.D.**

Mon-Fri: 9am-5pm, Saturdays By Appointment

**Scott 72 Shopping Centre**

#209- 7313-120th St., Delta ( Above London Drugs & Staples )

**604.590.1111**

# INDO CANADA Travel Agency

NEW Travel Agency




- ਸਭ ਤੋਂ ਸਸਤੀ ਟਿਕਟ
- ਕਨਫਰਮ ਬੁਕਿੰਗ ਰਿਪੋਰਟ
- ਯਾਤਰਾ ਸਬੰਧੀ ਸਲਾਹ
- ਤਰੀਕ ਬਦਲੀ/ਕੈਂਸਲੇਸ਼ਨ ਦੀ ਸੂਰਤ ਵਿਚ ਮੱਦਦ ਕਰਦੇ ਹਨ

ਇੰਡੀਆ ਅਤੇ ਦੁਨੀਆਂ ਵਿਚ ਕਿਤੇ ਵੀ ਜਾਣ ਲਈ ਸਸਤੀਆਂ ਟਿਕਟਾਂ ਲਈ ਤੁਰੰਤ ਸੰਪਰਕ ਕਰੋ

**Ph:604-388-9696,604-503-8011**

Email:indocanadatravel@gmail.com

#217-8028-128St, Surrey, BC (Little India Plaza)

# PEACE FURNITURE

**For The Peace Of Your Mind**









ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:

Mon-Fri: 8am to 6pm

Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca

Web:www.peacefurniture.ca